ਚੰਗੀ ਸੋਚ ਹੱਲ ਕਰ ਦਿੰਦੀ ਏ, ਮੁਸ਼ਕਲ ਵੱਡੀ-ਭਾਰੀ।
ਪ੍ਰਵਾਜ਼ ਤੇਰੀ ਨੂੰ ਦੁਨੀਆਂ ਦੇਖੇ, ਲਾਵੀਂ ਐਸੀ 'ਸੋਚ ਉਡਾਰੀ'।

# ਸੋਚ ਉਡਾਰੀ

ਸ਼ੈਸ਼ਨ 2022-23




## ਭਾਈ ਕਾਹਨ ਸਿੰਘ ਨਾਭਾ
## ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ
## (ਲੜਕੀਆਂ) ਨਾਭਾ (ਪਟਿਆਲ਼ਾ)

# ਸੰਦੇਸ਼



ਭਾਈ ਕਾਹਨ ਸਿੰਘ ਨਾਭਾ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ (ਲੜਕੀਆਂ) ਨਾਭਾ ਦੇ ਰਸਾਲੇ 'ਸੋਚ ਉਡਾਰੀ' ਦਾ ਪਹਿਲਾ ਅੰਕ ਪ੍ਰਕਾਸ਼ਤ ਹੋਣ 'ਤੇ, ਮੈਂ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਰੋਮਿਲ ਮਹਿਤਾ ਜੀ, ਵਿਦਿਆਰਥੀਆਂ ਅਤੇ ਸੰਪਾਦਕੀ ਬੋਰਡ ਨੂੰ ਵਧਾਈ ਦਿੰਦੀ ਹਾਂ। ਵਿਦਿਆਰਥੀਆਂ ਅੰਦਰ ਛੁਪੀਆ ਸਾਹਿਤਕ ਰੁਚੀਆਂ ਨੂੰ ਉਜ਼ਾਗਰ ਅਤੇ ਪ੍ਰਫੁੱਲਤ ਕਰਨ ਲਈ ਸਲਾਨਾ ਰਸਾਲੇ ਦੀ ਵੱਡੀ ਅਹਿਮੀਅਤ ਹੈ। ਜਿਸ ਰਾਹੀਂ ਉਹ ਆਪਣੇ ਵਿਚਾਰਾਂ ਨੂੰ ਗੀਤਾਂ, ਕਵਿਤਾਵਾਂ, ਕਹਾਣੀਆਂ ਆਦਿ ਕਲਾਮਈ ਢੰਗ ਰਾਹੀਂ ਪ੍ਰਗਟ ਕਰਨ ਲਈ ਸਮਰੱਥ ਹੋ ਸਕਦੇ ਹਨ। ਸਕੂਲ ਵੱਲੋਂ ਕੀਤੀ ਇਸ ਕੋਸ਼ਸ਼ ਦੀ ਮੈਂ ਭਰਪੂਰ ਸ਼ਲਾਘਾ ਕਰਦੀ ਹਾਂ ਅਤੇ ਆਸਵੰਦ ਹਾਂ ਇਹ ਰਸਾਲਾ ਹਰ ਸਾਲ ਇਸੇ ਤਰ੍ਹਾਂ ਛਪਦਾ ਰਹੇ ਤਾਂ ਜੋ ਨੰਨ੍ਹੇ ਲਿਖਾਰੀ ਆਪਣੇ ਵਿਚਾਰਾਂ ਨੂੰ ਪ੍ਰਗਟਾਉਂਦੇ ਹੋਏ ਸਮਾਜ ਵਿੱਚ ਆਪਣੀ ਪਹਿਚਾਣ ਬਣਾ ਸਕਣ।

**ਹਰਿੰਦਰ ਕੌਰ**
ਜ਼ਿਲ੍ਹਾ ਸਿੱਖਿਆ ਅਫ਼ਸਰ
(ਸ.ਸ.) ਪਟਿਆਲ਼ਾ

# ਪ੍ਰਿੰਸੀਪਲ ਦੀ ਕਲਮ ਤੋਂ



**ਮਿਹਨਤ ਨਾਲ਼ ਗੁੱਡਣਾ ਪੈਂਦਾ ਹੈ ਕਿਆਰੀਆਂ ਨੂੰ**
**ਫਿਰ ਕਿਤੇ ਜਾ ਕੇ ਫ਼ਸਲਾਂ ਲਹਿਰਾਉਂਦੀਆਂ ਹਨ।**

ਭਾਈ ਕਾਹਨ ਸਿੰਘ ਨਾਭਾ, ਸ. ਸ. ਸ. ਸ. (ਲੜਕੀਆਂ) ਨਾਭਾ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲ਼ਾ ਦੀ ਇੱਕ ਨਾਮਵਰ, ਗੌਰਵਮਈ ਤੇ ਕੱਦਾਵਰ ਸੰਸਥਾ ਹੈ। ਇਸ ਵਿੱਚ 6ਵੀਂ ਤੋਂ 12ਵੀਂ ਤੱਕ 1766 ਲੜਕੀਆਂ ਸਿੱਖਿਆ ਗ੍ਰਹਿਣ ਕਰ ਰਹੀਆਂ ਹਨ। 85 ਦੀ ਗਿਣਤੀ ਵਿੱਚ ਸਟਾਫ਼ ਆਪਣੀ ਤਨਦੇਹੀ ਤੇ ਸ਼ਿੱਦਤ ਨਾਲ਼ ਵਿਦਿਆਰਥੀਆਂ ਦਾ ਭਵਿੱਖ ਰੁਸ਼ਨਾ ਰਿਹਾ ਹੈ। ਇਹ ਸੰਸਥਾ ਨਾਭਾ ਸ਼ਹਿਰ ਅਤੇ ਇਲਾਕੇ ਦੇ ਪਿੰਡਾਂ ਦੀਆਂ ਲੜਕੀਆਂ ਲਈ ਵਰਦਾਨ ਸਾਬਤ ਹੋ ਚੁੱਕੀ ਹੈ, ਜਿੱਥੋਂ ਵਿੱਦਿਆ-ਰਤਨ ਪ੍ਰਾਪਤ ਕਰਕੇ ਸੈਂਕੜੇ ਲੜਕੀਆਂ ਉੱਚੇ ਅਹੁਦਿਆਂ 'ਤੇ ਲਗ ਕੇ ਸਮਾਜ ਲਈ ਚਾਨਣ ਮੁਨਾਰਾ ਬਣ ਰਹੀਆਂ ਹਨ।

ਸ਼ੈਸ਼ਨ 2022-23 ਦੌਰਾਨ ਇਸ ਸੰਸਥਾ ਦੇ ਵਿਦਿਆਰਥੀਆਂ ਨੇ ਨਵੇਂ ਦਿਸਹੱਦੇ ਛੋਹੇ ਹਨ। ਵਿੱਦਿਆ, ਖੇਡਾਂ, ਸੱਭਿਆਚਾਰ ਆਦਿ ਹਰ ਖੇਤਰ ਵਿੱਚ ਸਾਡੀਆਂ ਵਿਦਿਆਰਥਣਾਂ ਨੇ ਰਾਜ ਪੱਧਰ ਤੱਕ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ ਹੈ। ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਅਤੇ ਸਕੂਲ ਦੀ ਸ਼ਾਨ ਵਧਾਉਣ ਦਾ ਸਿਹਰਾ, ਜਿੱਥੇ ਸਾਡੇ ਮਿਹਨਤੀ ਤੇ ਸਮਰਪਿਤ ਸਟਾਫ਼, ਵਿਦਿਆਰਥੀਆਂ ਦੀ ਲਗਨ ਨਾਲ਼ ਕੀਤੀ ਮਿਹਨਤ ਅਤੇ ਮਾਪਿਆਂ ਤੇ ਸਮੁਦਾਇ ਦੇ ਸਹਿਯੋਗ ਨੂੰ ਜਾਂਦਾ ਹੈ, ਉੱਥੇ ਹੀ ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ 'ਤੇ ਮੁਹੱਈਆ ਸਹੂਲਤਾਂ ਅਤੇ ਪੰਜਾਬ ਸਕੂਲ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਦਿਸ਼ਾ ਨਿਰਦੇਸ਼ਾਂ ਦੀ ਅਹਿਮੀਅਤ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਇਹ ਸੰਸਥਾ ਸਭ ਦੀ ਸਾਂਝੀ ਸੰਸਥਾ ਹੈ। ਸਾਡਾ ਸੁਪਨਾ ਹੈ ਕਿ ਇਹ ਹੋਰ ਉੱਚੀਆਂ ਬੁਲੰਦੀਆਂ ਨੂੰ ਛੂਹੇ। ਅਜਿਹਾ ਵਿਦਿਆਰਥੀਆਂ ਦੇ ਮਾਪਿਆਂ ਅਤੇ ਸਮੁਦਾਇ ਦੇ ਭਰਪੂਰ ਸਹਿਯੋਗ ਤੇ ਸਾਥ ਨਾਲ਼ ਹੀ ਸੰਭਵ ਹੈ। ਆਓ, ਆਪਾਂ ਸਾਰੇ ਧਰਮਾਂ, ਜਾਤਾਂ ਤੇ ਪਾਰਟੀਆਂ ਤੋਂ ਉੱਪਰ ਉੱਠ ਕੇ ਵਿੱਦਿਆ ਦੇ ਇਸ ਉੱਤਮ-ਕਾਰਜ ਲਈ ਸੱਚੀ-ਸੁੱਚੀ ਸ਼ਰਧਾ ਦੇ ਨਾਲ਼ ਸੇਵਾ ਅਰਪਣ ਕਰਦੇ ਹੋਏ ਇਸ ਵਿੱਦਿਆ-ਮੰਦਰ ਦੀ ਸ਼ਾਨ ਵਧਾਉਣ ਵਿੱਚ ਯੋਗਦਾਨ ਪਾਈਏ।

**ਰੋਮਿਲ ਮਹਿਤਾ, ਪ੍ਰਿੰਸੀਪਲ**
ਭਾਈ ਕਾਹਨ ਸਿੰਘ ਨਾਭਾ,
ਸ. ਸ. ਸ. ਸ. ਲੜਕੀਆਂ (ਨਾਭਾ)

# ਸੰਪਾਦਕੀ ਬੋਰਡ



**ਹਰਜੀਤ ਕੌਰ**
ਲੈਕਚਰਾਰ ਪੰਜਾਬੀ
ਮੁੱਖ ਸੰਪਾਦਕ



**ਸੁਰਜੀਤ ਸਿੰਘ ਖਾਂਗ**
ਪੰਜਾਬੀ ਮਾਸਟਰ
(ਸਟੇਟ ਅਵਾਰਡੀ)
ਸੰਪਾਦਕ ਪੰਜਾਬੀ ਵਿਭਾਗ



**ਵੀਰਵੰਤ ਕੁਮਾਰ**
ਸੰਸਕ੍ਰਿਤ ਮਾਸਟਰ
ਸੰਪਾਦਕ ਹਿੰਦੀ ਵਿਭਾਗ



**ਇਕਬਾਲ ਸਿੰਘ ਰਾਣੂੰ**
ਅੰਗਰੇਜ਼ੀ ਮਾਸਟਰ
ਸੰਪਾਦਕ ਅੰਗਰੇਜ਼ੀ ਵਿਭਾਗ



**ਸੁਖਵਿੰਦਰ ਸਿੰਘ**
ਆਰਟ ਐਂਡ ਕਰਾਫ਼ਟ
ਸੰਪਾਦਕ ਕਲਾ ਵਿਭਾਗ



**ਲਛਮੀ ਦੇਵੀ**
ਗਿਆਰ੍ਹਵੀਂ ਸੀ
ਵਿਦਿਆਰਥੀ ਸੰਪਾਦਕ
ਪੰਜਾਬੀ ਵਿਭਾਗ



**ਗੁਰਸੁਖਮਨਜੋਤ ਕੌਰ**
ਗਿਆਰ੍ਹਵੀਂ ਈ
ਵਿਦਿਆਰਥੀ ਸੰਪਾਦਕ
ਹਿੰਦੀ ਵਿਭਾਗ



**ਅਵਨੀਤ ਕੌਰ**
ਬਾਰ੍ਹਵੀਂ ਏ
ਵਿਦਿਆਰਥੀ ਸੰਪਾਦਕ
ਅੰਗਰੇਜ਼ੀ ਵਿਭਾਗ



**ਅਰਸ਼ਦੀਪ ਕੌਰ**
ਦਸਵੀਂ ਏ
ਵਿਦਿਆਰਥੀ ਸੰਪਾਦਕ
ਕਲਾ ਵਿਭਾਗ

# ਸਾਡੇ ਸਕੂਲ ਦਾ ਸਟਾਫ਼









# ਸਾਡੇ ਸਕੂਲ ਦਾ ਸਟਾਫ਼





# ਅਧਿਆਪਕ ਉਤਸਵ (ਬਲਾਕ ਪੱਧਰ)

## 2022-23 ਦੇ ਜੇਤੂ ਅਧਿਆਪਕ



**ਜਸਰੀਨ ਕੌਰ**
ਐੱਸ ਐੱਸ ਮਿਸਟ੍ਰੈਸ
ਪਹਿਲਾ ਸਥਾਨ (ਅੰਗਰੇਜ਼ੀ)



**ਸੰਤੋਸ਼ ਕੁਮਾਰੀ**
ਅਮਗਰੇਜ਼ੀ ਮਿਸਟ੍ਰੈਸ
ਪਹਿਲਾ ਸਥਾਨ (ਅੰਗਰੇਜ਼ੀ)



**ਸੁਰਜੀਤ ਸਿੰਘ**
ਪੰਜਾਬੀ ਮਾਸਟਰ
ਪਹਿਲਾ ਸਥਾਨ (ਪੰਜਾਬੀ)



**ਰਾਜਿੰਦਰ ਪ੍ਰਸਾਦ**
ਲੈਕਚਰਾਰ ਸੰਸਕ੍ਰਿਤ
ਦੂਸਰਾ ਸਥਾਨ (ਸੰਸਕ੍ਰਿਤ)



**ਬਲਵਿੰਦਰ ਕੌਰ**
ਸਾਇੰਸ ਮਿਸਟ੍ਰੈਸ
ਦੂਸਰਾ ਸਥਾਨ (ਸਾਇੰਸ)



**ਅੰਜਨਾ ਸਹਿਗਲ**
ਹਿੰਦੀ ਮਿਸਟ੍ਰੈਸ
ਦੂਸਰਾ ਸਥਾਨ (ਹਿੰਦੀ)



**ਵੀਰਵੰਤ ਕੁਮਾਰ**
ਸੰਸਕ੍ਰਿਤ ਮਾਸਟਰ
ਤੀਸਰਾ ਸਥਾਨ (ਸੰਸਕ੍ਰਿਤ)

ਜਦੋਂ ਭੀੜ ਚੋਂ ਹੋ ਕੇ ਕੋਈ ਨਾਮ ਅੱਗੇ ਆਉਂਦਾ ਹੈ,
ਉਹਨੂੰ ਤੁੱਕਾ ਨਹੀਂ ਬੱਲਿਆ, ਮਿਹਨਤ ਕਹਿੰਦੇ ਨੇ।



ਸ਼ਤਰੰਜ, ਬੈਡਮਿੰਟਨ, ਕਬੱਡੀ, ਵਾਲੀਬਾਲ ਆਦਿ ਖੇਡਾਂ ਵਿੱਚ ਰਾਜ ਪੱਧਰ 'ਤੇ ਵਧੀਆ ਪ੍ਰਦਰਸ਼ਨ ਕਰਨ ਵਾਲ਼ੇ ਸਕੂਲ ਦੇ ਖਿਡਾਰੀ, ਪ੍ਰਿੰਸੀਪਲ ਅਤੇ ਸਰੀਰਕ ਸਿੱਖਿਆ ਸਟਾਫ਼ ਨਾਲ਼



ਰਾਜ ਪੱਧਰੀ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੀ ਕ੍ਰਿਕਟ ਟੀਮ (U-19), ਪ੍ਰਿੰਸੀਪਲ ਅਤੇ ਸਰੀਰਕ ਸਿੱਖਿਆ ਸਟਾਫ਼ ਨਾਲ਼।

# ਕੋਸ਼ਿਸ਼, ਹੋਰ ਕੋਸ਼ਿਸ਼ ਅਤੇ ਫਿਰ ਹੋਰ ਕੋਸ਼ਿਸ਼, ਇਹੀ ਹੈ ਸਫ਼ਲਤਾ ਦਾ ਰਾਜ



ਜ਼ਿਲ੍ਹਾ ਪੱਧਰ 'ਤੇ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਕਬੱਡੀ U-17 ਸਾਲ ਟੀਮ, ਪ੍ਰਿੰਸੀਪਲ ਅਤੇ ਸਰੀਰਕ ਸਿੱਖਿਆ ਅਧਿਆਪਕ ਸਾਹਿਬਾਨ ਨਾਲ਼

ਜ਼ਿਲ੍ਹਾ ਪੱਧਰ 'ਤੇ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਵਾਲੀਬਾਲ U-19 ਸਾਲ ਟੀਮ, ਪ੍ਰਿੰਸੀਪਲ ਅਤੇ ਸਰੀਰਕ ਸਿੱਖਿਆ ਅਧਿਆਪਕ ਸਾਹਿਬਾਨ ਨਾਲ਼





ਜ਼ਿਲ੍ਹਾ ਪੱਧਰ 'ਤੇ ਦੂਸਰਾ ਸਥਾਨ ਪ੍ਰਾਪਤ ਕਰਨ ਵਾਲ਼ੇ ਬੈਡਮਿੰਟਨ U-14 ਅਤੇ ਸ਼ਤਰੰਜ U-19 ਖਿਡਾਰੀ, ਪ੍ਰਿੰਸੀਪਲ ਅਤੇ ਸਰੀਰਕ ਸਿੱਖਿਆ ਅਧਿਆਪਕ ਸਾਹਿਬਾਨ ਨਾਲ਼

## ਮਿਹਨਤ ਏਨੀ ਖਾਮੋਸ਼ੀ ਨਾਲ਼ ਕਰੋ, ਤਾਂ ਕਿ ਸਫ਼ਲਤਾ ਸ਼ੋਰ ਮਚਾ ਦੇਵੇ..




ਸਕੂਲ ਹੈੱਡ ਗਰਲਜ਼, ਪ੍ਰਿੰਸੀਪਲ ਸਾਹਿਬ ਨਾਲ਼




ਮੈਥ ਓਲੰਪੀਆਡ ਦੇ ਜੇਤੂ ਵਿਦਿਆਰਥੀ ਸਕੂਲ ਸਟਾਫ ਦੇ ਨਾਲ



ਡਿੰਪੀ ਰਾਣੀ ਪੁੱਤਰੀ ਸ੍ਰੀ ਰਾਮ ਸਰੂਪ ਨੇ ਬਾਰ੍ਹਵੀਂ ਦੀ ਮੈਰਿਟ ਸੂਚੀ ਵਿੱਚ ਨੌਵਾਂ ਸਥਾਨ ਪ੍ਰਾਪਤ ਕੀਤਾ।





ਸ਼ਹਿਨਾਜ਼ ਅਤੇ ਵੀਰਪਾਲ ਕੌਰ ਨੇ NMMS (ਅੱਠਵੀਂ) ਪ੍ਰੀਖਿਆ ਦੀ ਮੈਰਿਟ ਸੂਚੀ ਵਿੱਚ ਨਾਮ ਦਰਜ਼ ਕਰਵਾਇਆ।



ਪਰਨੀਤ ਕੌਰ ਦਸਵੀਂ ਸੀ ਦੀ ਵਿਦਿਆਰਥਣ, ਰਾਜ ਪੱਧਰੀ ਸਾਇੰਸ ਪ੍ਰਦਰਸ਼ਨੀ ਵਿੱਚ ਭਾਗ ਲੈਂਦੇ ਹੋਏ, ਮੁੱਖ ਮੰਤਰੀ ਪੰਜਾਬ ਦੇ ਨਾਲ਼ ਇੱਕ ਯਾਦਗਾਰੀ ਫੋਟੋ ਵਿੱਚ।



ਰਾਜ ਪੱਧਰੀ ਬੈਂਡ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲ਼ੀ ਟੀਮ ਸਨਮਾਨ ਪ੍ਰਾਪਤ ਕਰਦੇ ਹੋਏ




ਜ਼ਿਲ੍ਹਾ ਪੱਧਰੀ ਵਿੱਦਿਅਕ ਮੁਕਾਬਲਿਆਂ ਦੇ ਜੇਤੂਆਂ ਦਾ ਸਨਮਾਨ ਕਰਦੇ ਹੋਏ ਸਕੂਲ ਪ੍ਰਿੰਸੀਪਲ ਅਤੇ ਸਟਾਫ




ਤਹਿਸੀਲ ਪੱਧਰੀ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲ਼ੀ ਸਕਿੱਟ ਟੀਮ, ਅਧਿਆਪਕਾਂ ਦੇ ਨਾਲ਼




ਮੈਦਾਨ ਮਾਰਨ ਤੋਂ ਬਾਅਦ ਕਬੱਡੀ ਟੀਮ ਕੋਚ ਸਹਿਬਾਨ ਨਾਲ

# ਵਿਸ਼ੇਸ਼ ਧੰਨਵਾਦ

ਅਸੀਂ ਮਾਣਯੋਗ ਸਖ਼ਸੀਅਤਾਂ/ਸੰਸਥਾਵਾਂ ਦਾ ਤਹਿ ਦਿੱਲੋਂ ਵਿਸ਼ੇਸ਼ ਤੌਰ ਧੰਨਵਾਦ ਕਰਦੇ ਹਾਂ, ਜਿਨ੍ਹਾਂ ਦਾ ਸਕੂਲ ਨੂੰ ਹਮੇਸ਼ਾ ਹੀ ਸਹਿਯੋਗ ਰਿਹਾ ਹੈ। ਇਨ੍ਹਾਂ ਦੁਆਰਾ ਜਿੱਥੇ ਸਕੂਲ ਦੀਆਂ ਹੁਸ਼ਿਆਰ ਵਿਦਿਆਰਥਣਾਂ ਨੂੰ ਹਰ ਸਾਲ ਵਜ਼ੀਫ਼ਿਆ ਨਾਲ ਸਨਮਾਨਤ ਕੀਤਾ ਜਾਂਦਾ ਹੈ ਉੱਥੇ ਹੀ ਲੋੜਵੰਦ ਵਿਦਿਆਰਥਣਾਂ ਦੀ ਹਰ ਸੰਭਵ ਸਹਾਇਤਾ ਕੀਤੀ ਜਾਂਦੀ ਹੈ। ਜਿਵੇਂ ਕਿ:-

- **ਸੋਹੀ/ਸੇਖੋਂ ਪਰਿਵਾਰ (ਅਮਰੀਕਾ)**
- **ਕਮਿਊਨਟੀ ਡਿਵੈਲਪਮੈਂਟ ਫਾਊਂਡੇਸ਼ਨ, ਨਾਭਾ**
- **ਅਮਲ ਸੋਸਾਇਟੀ, ਨਾਭਾ**
- **ਭਾਈ ਕਾਹਨ ਸਿੰਘ ਨਾਭਾ ਜੀ ਦਾ ਪਰਿਵਾਰ**
- **ਲਾਇਨਜ਼ ਕਲੱਬ, ਨਾਭਾ**
- **ਰੋਟਰੀ ਕਲੱਬ ਨਾਭਾ ਗਰੇਟਰ, ਨਾਭਾ**

ਇਸ ਤੋਂ ਬਿਨ੍ਹਾਂ ਸਕੂਲ ਪ੍ਰਗਤੀ ਲਈ ਕਾਰਜ਼ਸ਼ੀਲ ਸਕੂਲ ਪ੍ਰਬੰਧਕ ਕਮੇਟੀ, ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀ ਅਤੇ ਤਹਿਸੀਲ ਨਾਭਾ ਦੇ ਪ੍ਰਬੰਧਕੀ ਅਦਾਰੇ, ਜੋ ਸਕੂਲ ਦੀ ਬਿਹਤਰੀ ਅਤੇ ਤਰੱਕੀ ਲਈ ਸਾਡਾ ਹਮੇਸ਼ਾ ਸਹਿਯੋਗ ਕਰਦੇ ਹਨ; ਅਸੀ ਇਹਨਾਂ ਸਭ ਦਾ ਵੀ ਵਿਸ਼ੇਸ਼ ਤੌਰ ਤੇ ਧੰਨਵਾਦ ਕਰਦੇ ਹਾਂ।

ਭਵਿੱਖ ਵਿੱਚ ਵੀ ਇਸੇ ਤਰ੍ਹਾਂ ਪੂਰਨ ਸਹਿਯੋਗ ਦੀ ਆਸ ਨਾਲ਼

**ਪ੍ਰਿੰਸੀਪਲ,**
**ਸਮੂਹ ਸਟਾਫ਼ ਅਤੇ ਵਿਦਿਆਰਥੀ**
**ਭਾਈ ਕਾਹਨ ਸਿੰਘ ਨਾਭਾ,**
**ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ (ਲੜਕੀਆਂ), ਨਾਭਾ**

# ਮੁੱਖ ਸੰਪਾਦਕ

**ਹਰਜੀਤ ਕੌਰ**
**ਲੈਕਚਰਾਰ ਪੰਜਾਬੀ**

ਸੋਚ ਇੱਕ ਬਹੁਤ ਤਾਕਤਵਰ ਸ਼ੈਅ ਹੈ। ਸੋਚ ਨਾਲ ਹੀ ਸਾਰੀਆਂ ਖੋਜਾਂ ਹੁੰਦੀਆਂ ਹਨ। ਸੋਚ ਨਾਲ ਹੀ ਕਿਸੇ ਵੀ ਨਵੀਂ ਚੀਜ਼ ਦੀ ਸਿਰਜਣਾ ਹੁੰਦੀ ਹੈ। ਇਸ ਦੇ ਨਾਲ ਹੀ ਇਨਸਾਨ ਦੀ ਪਰਖ ਕੀਤੀ ਜਾਂਦੀ ਹੈ ਅਤੇ ਉਸਦਾ ਵਿਅਕਤੀਤਵ ਵੀ ਸਾਹਮਣੇ ਉੱਭਰ ਕੇ ਆਉਂਦਾ ਹੈ। ਵੇਖਿਆ ਜਾਵੇ ਤਾਂ ਦੁਨੀਆਂ ਵਿੱਚ ਸਭ ਤੋਂ ਤੇਜ਼ ਰਫ਼ਤਾਰ ਸੋਚ ਦੀ ਹੈ। ਇਸਦੇ ਨਾਲ ਸਕਿੰਟਾਂ ਵਿੱਚ ਹੀ ਇਨਸਾਨ ਕਿੰਨੇ ਮੀਲਾਂ ਦਾ ਸਫ਼ਰ ਤਹਿ ਕਰ ਲੈਂਦਾ ਹੈ। ਜਿਸ ਤਰ੍ਹਾਂ ਦੀ ਇਨਸਾਨ ਦੀ ਸੋਚ ਹੋਵੇਗੀ, ਉਸੇ ਤਰ੍ਹਾਂ ਹੀ ਉਹ ਦੁਨੀਆਂ ਵਿੱਚ ਵਿਚਰੇਗਾ। ਸੋਚ ਹੀ ਇਨਸਾਨ ਦੀ ਮਾਨਸਿਕਤਾ ਨੂੰ ਦਰਸਾਉਂਦੀ ਹੈ। ਉਸਦੇ ਵਿਚਾਰਾਂ ਤੋਂ ਹੀ ਉਸਦੇ ਸੁਭਾਅ ਦਾ ਪਤਾ ਲਗਾਇਆ ਜਾ ਸਕਦਾ ਹੈ। ਇਸ ਲਈ ਹਰ ਇੱਕ ਨੂੰ ਆਪਣੀ ਸੋਚ ਸਕਾਰਾਤਮਕ ਰੱਖਣੀ ਚਾਹੀਦੀ ਹੈ। ਚੰਗੀ ਸੋਚ ਵਾਲ਼ਾ ਇਨਸਾਨ ਹੀ ਸਫ਼ਲਤਾ ਦੀ ਉਚਾਈ ਨੂੰ ਹਾਸਲ ਕਰਦਾ ਹੈ ਅਤੇ ਸਫ਼ਲਤਾ ਹੀ ਸਫ਼ਲਤਾ ਨੂੰ ਜਨਮ ਦਿੰਦੀ ਹੈ ਅਤੇ ਚੰਗੀ ਸੋਚ ਨਾਲ ਹੀ ਇਨਸਾਨ ਸਫ਼ਲ ਬਣ ਸਕਦਾ ਹੈ।

ਇੱਕ ਸੋਚ ਹੀ ਹੈ ਜਿਸਨੂੰ ਗੁਲਾਮ ਨਹੀਂ ਬਣਾਇਆ ਜਾ ਸਕਦਾ। ਸੋਚਣ ਲਈ ਹਰ ਇੱਕ ਵਿਅਕਤੀ ਆਜ਼ਾਦ ਹੈ। ਸੋਚ ਬਦਲਣ ਨਾਲ ਹੀ ਸਾਡੇ ਅੰਦਰ ਤਬਦੀਲੀ ਆ ਸਕਦੀ ਹੈ। ਆਪਣੇ ਮਨ ਵਿੱਚੋਂ ਮਾੜੇ ਵਿਚਾਰਾਂ ਨੂੰ ਕੱਢ ਕੇ ਹੀ ਪਵਿੱਤਰ ਬਣ ਸਕਦੇ ਹਾਂ ਨਾ ਕਿ ਸਰੀਰ ਨੂੰ ਧੋ ਕੇ। ਸਰੀਰ ਦੇ ਨਾਲ-ਨਾਲ ਆਪਣੀ ਸੋਚ ਅਤੇ ਮਨ ਦੀ ਸਫ਼ਾਈ ਕਰਨੀ ਵੀ ਜ਼ਰੂਰੀ ਹੈ। ਕਿਸੇ ਸ਼ਾਇਰ ਨੇ ਬਹੁਤ ਸੋਹਣਾ ਲਿਖਿਆ ਹੈ:-

ਸੋਚ ਬਦਲੋ, ਸਿਤਾਰੇ ਬਦਲ ਜਾਏਂਗੇ,
ਨਜ਼ਰ ਬਦਲੋ, ਨਜ਼ਾਰੇ ਬਦਲ ਜਾਏਂਗੇ।
ਕਿਸ਼ਤੀ ਬਦਲਨੇ ਕੀ ਜ਼ਰੂਰਤ ਨਹੀਂ,
ਦਿਸ਼ਾ ਬਦਲੋ ਕਿਨਾਰੇ ਬਦਲ ਜਾਏਂਗੇ।

ਕਿਸੇ ਨੇ ਸੱਚ ਹੀ ਕਿਹਾ ਹੈ ਕਿ 'ਮਾੜੀ ਸੋਚ ਤੇ ਪੈਰ ਦੀ ਮੋਚ ਕਦੇ ਵੀ ਬੰਦੇ ਨੂੰ ਅੱਗੇ ਨਹੀਂ ਵਧਣ ਦਿੰਦੀ। ਇਸ ਲਈ ਸਾਰੇ ਵਿਅਕਤੀ ਆਪਣੀ ਚੰਗੀ ਸੋਚ ਨੂੰ ਮੁੱਖ ਰੱਖ ਕੇ ਆਪਣੇ ਅੰਦਰ ਛੁਪੀ ਕਲਾ ਨੂੰ ਸਭ ਦੇ ਸਨਮੁੱਖ ਰੱਖਣ ਤੇ ਚੰਗੇ ਨਾਗਰਿਕ ਹੋਣ ਦਾ ਸਬੂਤ ਦੇਣ ਅਤੇ ਸਮਾਜ ਨੂੰ ਇੱਕ ਚੰਗੀ ਸੇਧ ਦੇਣ।

ਆਓ, ਸਾਰੇ ਰਲ਼ ਕੇ ਹੰਭਲ਼ਾ ਮਾਰੀਏ ਤੇ ਆਪਣੀ 'ਸੋਚ ਉਡਾਰੀ' ਨੂੰ ਚੰਗੇ ਕੰਮਾਂ ਵਿੱਚ ਲਗਾਈਏ ਅਤੇ ਆਪਣਾ ਜੀਵਨ ਸਫ਼ਲ ਬਣਾਈਏ।

**ਹਰਜੀਤ ਕੌਰ**
**ਲੈਕਚਰਾਰ ਪੰਜਾਬੀ**



***Patience, will power, Determination, Courage, Confidence and above all POSITIVE ATTITUDE can turn scars into stars and thus win laurels in life.***

Dear readers

Greetings and Welcome to new edition of the Annual Magazine '**SOCH UDARI** 'of Bhai Kahan Singh Nabha Government Girls Senior Secondary Smart School Nabha .

We are really proud and exuberant to acclaim that we are ready with all the new hopes and hues to bring out this new edition, which is going to surely unfold the unrevealed world of most unforgettable and precious moments of the School.

The enthusiastic write ups of our young writers are undoubtly sufficient to hold the interest and admiration of the readers. This magzine is indeed a pious attempt to make our budding talents, give shape to their creativity and learn the art of being aware.

We are sure that the positive attitude, hard work, sustained efforts and innovative ideas exhibited by our young scribblers will surely Stir the mind of the readers and will give confidence and encourage many more students to use it as a platform to express their creativity.

The editorial board communicates gratitude to all who have put relentless efforts to bring excellence to this treasure trove.

Happy Reading,

**Gurdeep Singh**
Media in charge and
Lecturer in Chemistry

# ਸਾਡੇ ਸਕੂਲ ਦਾ ਸਟਾਫ਼

| | | | | | |
|---|---|---|---|---|---|
| 1 | ਸ਼੍ਰੀਮਤੀ ਰੋਮਿਲ ਮਹਿਤਾ | ਪ੍ਰਿੰਸੀਪਲ | | | |
| 2 | ਸ਼੍ਰੀ ਗੁਰਦੀਪ ਸਿੰਘ | ਲੈਕ. ਕੈਮਿਸਟਰੀ | 44 | ਸ. ਨਿਰਭੈ ਸਿੰਘ | ਸ.ਸ. ਮਾਸਟਰ |
| 3 | ਸ਼੍ਰੀਮਤੀ ਕੁਲਜਿੰਦਰਜੀਤ ਕੌਰ | ਲੈਕ. ਅੰਗਰੇਜ਼ੀ | 45 | ਸ਼੍ਰੀਮਤੀ ਅੰਜਨਾ | ਹਿੰਦੀ ਮਿਸਟ੍ਰੈਸ |
| 4 | ਸ਼੍ਰੀਮਤੀ ਅਨੁਰਾਧਾ | ਲੈਕ. ਕੈਮਿਸਟਰੀ | 46 | ਸ਼੍ਰੀਮਤੀ ਕੁਸਮ ਰਾਣੀ | ਮੈਥ ਮਿਸਟ੍ਰੈਸ |
| 5 | ਸ਼੍ਰੀਮਤੀ ਵਰਿੰਦਰ ਕੌਰ | ਲੈਕ. ਸੰਗੀਤ | 47 | ਸ਼੍ਰੀਮਤੀ ਸ਼ਸ਼ੀ | ਹੋਮ ਸਾਇੰਸ ਮਿਸਟ੍ਰੈਸ |
| 6 | ਸ. ਚਮਕੌਰ ਸਿੰਘ | ਲੈਕ. ਸਰੀਰਕ ਸਿੱ. | 48 | ਸ਼੍ਰੀਮਤੀ ਕਮਲਦੀਪ | ਹਿੰਦੀ ਮਿਸਟ੍ਰੈਸ |
| 7 | ਸ਼੍ਰੀ ਜਗਮੋਹਨ ਕੁਮਾਰ | ਲੈਕ. ਅੰਗਰੇਜ਼ੀ | 49 | ਸ਼੍ਰੀਮਤੀ ਬਲਵਿੰਦਰ ਕੌਰ | ਪੰਜਾਬੀ ਮਿਸਟ੍ਰੈਸ |
| 8 | ਸ਼੍ਰੀ ਤੀਰਥ ਰਾਮ ਟੱਕਰ | ਲੈਕ. ਗਣਿਤ | 50 | ਸ਼੍ਰੀਮਤੀ ਬਲਵਿੰਦਰ ਕੌਰ | ਸਾਇੰਸ ਮਿਸਟ੍ਰੈਸ |
| 9 | ਸ਼੍ਰੀ ਰਾਜਿੰਦਰ ਪ੍ਰਸ਼ਾਦ | ਲੈਕ. ਸੰਸਕ੍ਰਿਤ | 51 | ਸ਼੍ਰੀ ਸੁਰਜੀਤ ਸਿੰਘ | ਪੰਜਾਬੀ ਮਾਸਟਰ |
| 10 | ਸ਼੍ਰੀਮਤੀ ਰੇਨੂੰ ਬਾਲਾ | ਲੈਕ. ਕਮਰਸ | 52 | ਸ਼੍ਰੀਮਤੀ ਪ੍ਰਦੀਪ ਕੌਰ | ਮੈਥ ਮਿਸਟ੍ਰੈਸ |
| 11 | ਸ਼੍ਰੀਮਤੀ ਸੁਖਵਿੰਦਰ ਕੌਰ | ਲੈਕ. ਰਾਜ. ਸ਼ਾਸ਼ਤਰ | 53 | ਸ਼੍ਰੀਮਤੀ ਨਨੀਤਾ ਜੋਸ਼ੀ | ਸਾਇੰਸ ਮਿਸਟ੍ਰੈਸ |
| 12 | ਸ਼੍ਰੀਮਤੀ ਪ੍ਰੇਮ ਲਤਾ | ਲੈਕ. ਰਾਜ. ਸ਼ਾਸ਼ਤਰ | 54 | ਸ਼੍ਰੀਮਤੀ ਮਮਤਾ ਰਾਣੀ | ਸ.ਸ. ਮਿਸਟ੍ਰੈਸ |
| 13 | ਸ਼੍ਰੀਮਤੀ ਕੰਚਨ ਗੁਪਤਾ | ਲੈਕ. ਕਮਰਸ | 55 | ਸ. ਇਕਬਾਲ ਸਿੰਘ ਰਾਣੂੰ | ਅੰਗਰੇਜ਼ੀ ਮਾਸਟਰ |
| 14 | ਸ਼੍ਰੀਮਤੀ ਰੁਪਿੰਦਰ ਕੌਰ | ਲੈਕ. ਅੰਗਰੇਜ਼ੀ | 56 | ਸ਼੍ਰੀਮਤੀ ਨੀਲਮਾਂ | ਸਾਇੰਸ ਮਿਸਟ੍ਰੈਸ |
| 15 | ਸ਼੍ਰੀਮਤੀ ਸੁਖਜੀਤ ਕੌਰ | ਲੈਕ. ਅਰਥ ਸ਼ਾਸ਼ਤਰ | 57 | ਸ. ਸੁਖਵਿੰਦਰ ਸਿੰਘ | ਆਰਟ & ਕਰਾਫਟ |
| 16 | ਸ਼੍ਰੀਮਤੀ ਮੋਨਿਕਾ ਰਾਣੀ | ਲੈਕ. ਫਜਿਕਸ | 58 | ਸ਼੍ਰੀ ਰਾਜੇਸ਼ ਕੁਮਾਰ | ਆਰਟ & ਕਰਾਫਟ |
| 17 | ਸ਼੍ਰੀਮਤੀ ਸੰਗੀਤਾ ਗੁਪਤਾ | ਲੈਕ. ਬਾਇਓਲੌਜੀ | 59 | ਸ. ਪ੍ਰੇਮ ਸਿੰਘ | ਪੀ.ਟੀ.ਆਈ |
| 18 | ਸ਼੍ਰੀਮਤੀ ਹਰਜੀਤ ਕੌਰ | ਲੈਕ. ਪੰਜਾਬੀ | 60 | ਸ਼੍ਰੀਮਤੀ ਪਰਮਜੀਤ ਕੌਰ | ਕੰਪਿਊਟਰ ਫੈਕਲਟੀ |
| 19 | ਸ਼੍ਰੀਮਤੀ ਮਧੂਬਾਲਾ | ਲੈਕ. ਪੰਜਾਬੀ | 61 | ਸ਼੍ਰੀਮਤੀ ਆਰਤੀ ਸ਼ਰਮਾ | ਕੰਪਿਊਟਰ ਫੈਕਲਟੀ |
| 20 | ਸ਼੍ਰੀਮਤੀ ਨੀਰੂ ਸੂਦ | ਲੈਕ. ਅਰਥ ਸ਼ਾਸ਼ਤਰ | 62 | ਸ਼੍ਰੀਮਤੀ ਜੀਵਨ ਬਾਲਾ | ਕੰਪਿਊਟਰ ਫੈਕਲਟੀ |
| 21 | ਸ਼੍ਰੀਮਤੀ ਸੋਨੀਆ ਰਾਣੀ | ਲੈਕ. ਭੂਗੋਲ | 63 | ਸ਼੍ਰੀਮਤੀ ਰਮਨਪ੍ਰੀਤ ਕੌਰ | ਕੰਪਿਊਟਰ ਫੈਕਲਟੀ |
| 22 | ਸ਼੍ਰੀ ਰਾਮ ਕ੍ਰਿਸ਼ਨ | ਲੈਕ. ਪੰਜਾਬੀ | 64 | ਸ਼੍ਰੀਮਤੀ ਨੇਹਾ ਸਿੰਗਲਾ | ਕੰਪਿਊਟਰ ਫੈਕਲਟੀ |
| 23 | ਸ. ਗੁਰਬਖਸ਼ ਸਿੰਘ | ਲੈਕ. ਪੰਜਾਬੀ | 65 | ਸ਼੍ਰੀਮਤੀ ਗੁਰਚਰਨਜੀਤ ਕੌਰ | ਕੰਪਿਊਟਰ ਫੈਕਲਟੀ |
| 24 | ਸ. ਤਰਲੋਚਨ ਸਿੰਘ | ਲੈਕ. ਇਤਿਹਾਸ | 66 | ਸ. ਜਸਵੰਤ ਸਿੰਘ | ਕੰਪਿਊਟਰ ਫੈਕਲਟੀ |
| 25 | ਸ਼੍ਰੀਮਤੀ ਰੇਨੂੰ ਸ਼ਰਮਾ | ਲੈਕ. ਹਿਸਟਰੀ | 67 | ਮਿਸ ਸੋਨੀਆ | ਵੋਕੇਸ਼ਨਲ ਟ੍ਰੇਨਰ |
| 26 | ਸ. ਰਵਿੰਦਰ ਸਿੰਘ | ਲੈਕ. ਰਾਜ. ਸ਼ਾਸਤਰ | 68 | ਸ਼੍ਰੀਮਤੀ ਵੀਰਪਾਲ ਕੌਰ | ਵੋਕੇਸ਼ਨਲ ਟ੍ਰੇਨਰ |
| 27 | ਸ਼੍ਰੀਮਤੀ ਗੁਰਪ੍ਰੀਤ ਕੌਰ | ਲੈਕ. ਕਮਰਸ | 69 | ਸ਼੍ਰੀਮਤੀ ਰਮਨਜੀਤ ਕੌਰ | ਜੂਨੀਅਰ ਸਹਾਇਕ |
| 28 | ਸ਼੍ਰੀਮਤੀ ਸਤਪਾਲ ਕੌਰ | ਲੈਕ. ਹਿਸਟਰੀ | 70 | ਸ. ਨਿਸ਼ਾਨ ਸਾਹਿਬ ਸਿੰਘ | ਐੱਸ.ਐੱਲ.ਏ. |
| 29 | ਸ. ਕਮਲਪ੍ਰੀਤ ਸਿੰਘ | ਲੈਕ. ਅੰਗਰੇਜ਼ੀ | 71 | ਸ਼੍ਰੀਮਤੀ ਸੁਖਵਿੰਦਰ ਕੌਰ | ਐੱਸ.ਐੱਲ.ਏ. |
| 30 | ਸ਼੍ਰੀਮਤੀ ਨੀਲਮ ਬਾਲਾ | ਸਾਇੰਸ ਮਿਸਟ੍ਰੈਸ | 72 | ਮਿਸ ਧਨਵੀਰ ਕੌਰ | ਐੱਸ.ਐੱਲ.ਏ. |
| 31 | ਸ਼੍ਰੀਮਤੀ ਮੋਨਿਕਾ | ਮੈਥ ਮਿਸਟ੍ਰੈਸ | 73 | ਸ਼੍ਰੀਮਤੀ ਪੂਨਮ ਰਾਣੀ | ਲਾਇਬਰੇਰੀਅਨ |
| 32 | ਸ਼੍ਰੀਮਤੀ ਅੰਸ਼ੂ ਸੇਠ | ਸ.ਸ. ਮਿਸਟ੍ਰੈਸ | 74 | ਸ਼੍ਰੀਮਤੀ ਸ਼ਮਾਂ ਰਾਣੀ | ਲਾਇਬ੍ਰੇਰੀ ਅਟੈਂਡੈਂਟ |
| 33 | ਸ਼੍ਰੀਮਤੀ ਹਰਪ੍ਰੀਤ ਕੌਰ | ਮੈਥ ਮਿਸਟ੍ਰੈਸ | 75 | ਸ਼੍ਰੀਮਤੀ ਮਨਜੀਤ ਕੌਰ | ਕੁਹਾਰ |
| 34 | ਸ਼੍ਰੀਮਤੀ ਜਸਰੀਨ ਕੌਰ | ਅੰਗਰੇਜ਼ੀ ਮਿਸਟ੍ਰੈਸ | 76 | ਸ਼੍ਰੀਮਤੀ ਬਲਜੀਤ ਕੌਰ | ਸੇਵਾਦਾਰ |
| 35 | ਸ਼੍ਰੀ ਵੀਰਵੰਤ ਕੁਮਾਰ | ਸੰਸਕ੍ਰਿਤ ਮਾਸਟਰ | 77 | ਸ਼੍ਰੀਮਤੀ ਸੋਨੀਆ | ਸੇਵਾਦਾਰ |
| 36 | ਸ਼੍ਰੀਮਤੀ ਪ੍ਰਿਅੰਕਾ ਸਿੰਗਲਾ | ਮੈਥ ਮਿਸਟ੍ਰੈਸ | 78 | ਸ਼੍ਰੀਮਤੀ ਸੁਰਿੰਦਰ ਕੌਰ | ਸੇਵਾਦਾਰ |
| 37 | ਸ਼੍ਰੀਮਤੀ ਮਧੂ ਬਾਲਾ | ਹਿੰਦੀ ਮਿਸਟ੍ਰੈਸ | 79 | ਸ਼੍ਰੀਮਤੀ ਆਸ਼ਾ ਰਾਣੀ | ਸਫਾਈ ਸੇਵਕਾ |
| 38 | ਸ਼੍ਰੀਮਤੀ ਅੰਮ੍ਰਿਤਪਾਲ ਕੌਰ | ਪੰਜਾਬੀ ਮਿਸਟ੍ਰੈਸ | 80 | ਸ਼੍ਰੀ ਅਰਜਨ ਬਾਲੀ | ਚੌਂਕੀਦਾਰ |
| 39 | ਸ਼੍ਰੀਮਤੀ ਸਵਿਤਾ ਰਾਣੀ ਸੂਦ | ਸ.ਸ. ਮਿਸਟ੍ਰੈਸ | 81 | ਸ਼੍ਰੀਮਤੀ ਰਾਜ ਰਾਣੀ | ਸਫਾਈ ਸੇਵਕਾ |
| 40 | ਸ਼੍ਰੀਮਤੀ ਮੁਕਤਾ ਬੱਤਾ | ਸ.ਸ. ਮਿਸਟ੍ਰੈਸ | 82 | ਸ਼੍ਰੀਮਤੀ ਨਛੱਤਰ ਕੌਰ | ਕੁੱਕ |
| 41 | ਸ਼੍ਰੀਮਤੀ ਸੰਤੋਸ਼ ਕੁਮਾਰੀ | ਅੰਗਰੇਜੀ ਮਿਸਟ੍ਰੈਸ | 83 | ਸ਼੍ਰੀਮਤੀ ਸੁਰਿੰਦਰ ਕੌਰ | ਕੁੱਕ |
| 42 | ਸ਼੍ਰੀਮਤੀ ਮੰਜੂ ਵਧਵਾ | ਵੋਕੇਸ਼ਨਲ ਮਿਸਟ੍ਰੈਸ | 84 | ਸ਼੍ਰੀਮਤੀ ਰੀਟਾ ਰਾਣੀ | ਕੁੱਕ |
| 43 | ਸ਼੍ਰੀਮਤੀ ਸਿਮਰਨਜੀਤ ਕੌਰ | ਵੋਕੇਸ਼ਨਲ ਮਿਸਟ੍ਰੈਸ | 85 | ਸ਼੍ਰੀਮਤੀ ਸ਼ੀਲਾ ਰਾਣੀ | ਕੁੱਕ |

# ਸਕੂਲ ਦੀਆਂ ਵਿਸ਼ੇਸ਼ਤਾਵਾਂ

- 6ਵੀਂ ਤੋਂ 12ਵੀਂ ਤੱਕ ਪੰਜਾਬੀ ਤੇ ਅੰਗਰੇਜੀ ਮਾਧਿਅਮ ਵਿੱਚ ਵਧੀਆ ਪੜ੍ਹਾਈ।
- ਖੇਡਾਂ ਅਤੇ ਹੋਰ ਸਹਿ-ਵਿੱਦਿਅਕ ਗਤੀਵਿਧੀਆਂ ਦੀ ਤਿਆਰੀ ਅਤੇ ਵੱਖ-2 ਮੁਕਾਬਲਿਆਂ ਵਿੱਚ ਬੱਚਿਆਂ ਦੀ ਰਾਜ ਅਤੇ ਰਾਸ਼ਟਰੀ ਪੱਧਰ ਤੱਕ ਸ਼ਮੂਲੀਅਤ।
- ਮੁਫ਼ਤ ਕਿਤਾਬਾਂ 6ਵੀਂ ਤੋਂ 8ਵੀਂ ਤੱਕ ਮੁਫ਼ਤ ਵਰਦੀਆਂ ਅਤੇ ਦੁਪਹਿਰ ਦਾ ਪੌਸ਼ਟਿਕ ਭੋਜਨ।
- 6ਵੀਂ ਤੋਂ 10ਵੀਂ ਤੱਕ ਫੀਸ ਮਾਫ਼
- ਲਾਇਬਰੇਰੀ ਦੀ ਸਹੂਲਤ
- ਪ੍ਰੋਜ਼ੈਕਟਰ ਤੇ ਐਜੂਸੈਟ ਰਾਹੀਂ ਪੜ੍ਹਾਈ।
- ਜਨਰੇਟਰ ਦੀ ਸੁਵਿਧਾ।
- ਕਿੱਤਾ ਚੋਣ ਸਬੰਧੀ ਗਾਇਡੈਂਸ ਤੇ ਕੌਂਸਲਿੰਗ
- ਵਿਗਿਆਨ, ਗਣਿਤ, ਸਮਾਜਿਕ ਸਿੱਖਿਆ ਤੇ ਅੰਗਰੇਜ਼ੀ ਦੇ ਮੇਲੇ
- SC ਤੇ ਘੱਟ ਗਿਣਤੀ ਬੱਚਿਆਂ ਲਈ ਵਜ਼ੀਫ਼ਾ
- ਵਿੱਦਿਅਕ ਪਾਰਕ
- ਕੰਪਿਊਟਰ ਲੈਬਜ਼
- ਆਰਟ ਤੇ ਕਰਾਫ਼ਟ ਲੈਬ
- ਸਵੈ ਰੱਖਿਆ ਲਈ ਕਰਾਟੇ ਟ੍ਰੇਨਿੰਗ
- ਆਰ.ਓ. ਤੇ ਵਾਟਰ ਕੂਲਰ
- ਵਿੱਦਿਅਕ ਟੂਰ
- ਕਮਜ਼ੋਰ ਵਿੱਦਿਆਰਥੀਆਂ ਲਈ ਵਾਧੂ ਜਮਾਤਾਂ
- ਖੇਡਾਂ ਲਈ ਵਿਸ਼ੇਸ਼ ਮੈਦਾਨ ਅਤੇ ਯੋਗ ਅਧਿਆਪਕ
- ਸਲਾਨਾ ਸਮਾਰੋਹ
- ਬੱਚਿਆਂ ਦੇ ਉਤਸ਼ਾਹ ਲਈ ਸਲਾਨਾ ਸਕੂਲ ਰਸਾਲਾ

# ਚਮਕਦੇ ਸਿਤਾਰੇ



ਸੁਖਮਨਦੀਪ ਕੌਰ
ਪਿਤਾ: ਸ੍ਰੀ ਸੁਰਜੀਤ ਸਿੰਘ
ਮਾਤਾ: ਸ੍ਰੀਮਤੀ ਸ਼ਸ਼ੀ
ਜਮਾਤ: ਸੱਤਵੀਂ ਏ

### ਸੈਸ਼ਨ 2022-23 ਦੌਰਾਨ ਪ੍ਰਾਪਤੀਆਂ

- 6ਵੀਂ, 7ਵੀਂ ਦੀਆਂ ਪ੍ਰੀਖਿਆਵਾਂ ਵਿੱਚ ਪਹਿਲਾ ਸਥਾਨ।
- ਜ਼ਿਲ੍ਹਾ ਪੱਧਰੀ ਲੇਖ ਮੁਕਾਬਲੇ ਵਿੱਚ ਪਹਿਲਾ ਸਥਾਨ
- ਜ਼ਿਲ੍ਹਾ ਪੱਧਰੀ ਸੁੰਦਰ ਲਿਖਾਈ ਮੁਕਾਬਲੇ ਵਿੱਚ ਦੂਸਰਾ ਸਥਾਨ
- ਜ਼ਿਲ੍ਹਾ ਪੱਧਰੀ ਕਵਿਤਾ ਮੁਕਾਬਲੇ ਵਿੱਚ ਦੂਸਰਾ ਸਥਾਨ
- ਰਾਜ ਪੱਧਰੀ ਬੈਂਡ ਮੁਕਾਬਲੇ ਵਿੱਚ ਪਹਿਲਾ ਸਥਾਨ
- ਜ਼ਿਲ੍ਹਾ ਪੱਧਰੀ ਸਪੈੱਲ ਲਾਗ ਵਿੱਚ ਦੂਸਰਾ ਸਥਾਨ

ਖੇਡਾਂ:

- ਬੈਡਮਿੰਟਨ ਮੁਕਾਬਲੇ ਵਿੱਚ ਜ਼ਿਲ੍ਹਾ ਪੱਧਰ ਤੇ ਦੂਸਰਾ ਸਥਾਨ ਅਤੇ ਰਾਜ ਪੱਧਰ 'ਤੇ ਭਾਗ ਲਿਆ
- ਖੇਡਾਂ ਵਤਨ ਪੰਜਾਬ ਦੀਆਂ ਵਿੱਚ ਜ਼ਿਲ੍ਹੇ ਵਿੱਚ ਦੂਸਰਾ ਸਥਾਨ ਲਿਆ ਅਤੇ ਰਾਜ ਪੱਧਰ ਤੇ ਕੁਆਟਰ ਫਾਇਨਲ ਤੱਕ ਮੈਚ ਖੇਡੇ
- ਅਥਲੈਟਿਕਸ ਵਿੱਚ ਜੋਨ ਪੱਧਰ ਤੇ ਲੰਬੀ ਛਾਲ਼ ਵਿੱਚ ਸੋਨੇ ਦਾ ਤਮਗਾ ਜਿੱਤਿਆ
- ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਮੈਥ ਓਲੰਪੀਆਡ ਵਿੱਚ ਚੋਣ
- ਇਸ ਤੋਂ ਬਿਨਾਂ ਇੰਗਲਿੰਸ਼ ਬੂਸਟਰ ਕਲੱਬ ਅਤੇ ਹੋਰ ਗਤੀਵਿਧੀਆਂ ਵਿੱਚ ਮੋਹਰੀ ਭੂਮਿਕਾ



ਦੀਕਸ਼ਾ ਸ਼ਰਮਾ
ਪਿਤਾ: ਸ੍ਰੀ ਰਾਕੇਸ਼ ਕੁਮਾਰ
ਮਾਤਾ: ਸ੍ਰੀਮਤੀ ਰੀਤਿਕਾ ਸ਼ਰਮਾ
ਜਮਾਤ: ਨੌਵੀਂ ਏ

### ਪ੍ਰਾਪਤੀਆਂ

- ਇੰਟਰਨੈਸ਼ਨਲ ਸਪੋਰਟਸ ਕੌਂਸਲ (ਕਨੇਡਾ) ਵਰਲਡ ਗੇਮਜ਼ ਕਰਾਟੇ 2017 ਨੇਪਾਲ ਵਿਖੇ ਗੋਲਡ ਮੈਡਲ
- ਨੈਸ਼ਨਲ ਪ੍ਰੋ ਮਾਰਸ਼ਲ ਲੀਗ 2017 ਬਾਰਾਨਸੀ, ਗੋਲਡ ਮੈਡਲ
- ਇੰਗਲਿਸ਼ ਬੂਸਟਰ ਕਲੱਬ (2022-23) ਜ਼ਿਲ੍ਹਾ ਪੱਧਰ ਤੇ ਦੂਸਰਾ ਸਥਾਨ
- ਬਲਾਕ ਪੱਧਰੀ ਡੈਕਲਾਰੇਸ਼ਨ ਮੁਕਾਬਲੇ ਵਿੱਚ ਦੂਸਰਾ ਸਥਾਨ
- ਰਾਜ ਪੱਧਰੀ ਬੈਂਡ ਮੁਕਾਬਲੇ ਵਿੱਚ ਪਹਿਲਾ ਸਥਾਨ
- ਜ਼ਿਲ੍ਹਾ ਪੱਧਰੀ ਚਿਲਡਰਨ ਸਾਇੰਸ ਕਾਂਗਰਸ ਪਟਿਆਲਾ ਵਿਖੇ ਭਾਗ ਲਿਆ
- ਪਿਛਲੀ ਜਮਾਤ ਵਿੱਚ 90% ਅੰਕ ਪ੍ਰਾਪਤ ਕੀਤੇ
- ਕ੍ਰਿਕਟ ਵਿੱਚ ਜ਼ਿਲ੍ਹਾ ਪੱਧਰ ਤੇ ਭਾਗ ਲਿਆ

ਹਾਸ਼ਮ ਫਤਹਿ ਨਸੀਬ ਉਹਨਾਂ ਨੂੰ, ਜਿਹਨਾਂ ਹਿੰਮਤ ਯਾਰ ਬਣਾਈ ਹੂ

# ਚਮਕਦੇ ਸਿਤਾਰੇ



ਪਾਲਕੀ ਸ਼ਰਮਾ
ਪਿਤਾ ਦਾ ਨਾਂ: ਸ੍ਰੀ ਰਾਕੇਸ਼ ਕੁਮਾਰ
ਮਾਤਾ ਦਾ ਨਾਂ: ਸ੍ਰੀਮਤੀ ਰੀਤਿਕਾ ਸ਼ਰਮਾ
ਜਮਾਤ: ਦਸਵੀਂ ਏ

ਸੈਸ਼ਨ 2022-23 ਦੌਰਾਨ ਪ੍ਰਾਪਤੀਆਂ

- ਬਲਾਕ ਪੱਧਰ ਸ਼ੋਅ ਐਂਡ ਟੈੱਲ ਮੁਕਾਬਲੇ ਵਿੱਚ ਪਹਿਲਾ ਸਥਾਨ
- ਜ਼ਿਲ੍ਹਾ ਪੱਧਰੀ ਚਿਲਡਰਨ ਸਾਇੰਸ ਕਾਂਗਰਸ ਵਿੱਚ ਪਟਿਆਲਾ ਵਿਖੇ ਭਾਗ ਲਿਆ
- ਰਾਜ ਪੱਧਰੀ ਕ੍ਰਿਕਟ ਮੁਕਾਬਲੇ ਵਿੱਚ ਫਰੀਦਕੋਟ ਵਿਖੇ ਭਾਗ ਲਿਆ
- ਸਕੂਲ ਦੇ ਹਰ ਪ੍ਰਕਾਰ ਦੀਆਂ ਸਹਿ-ਵਿੱਦਿਅਕ ਗਤੀਵਿਧੀਆਂ ਵਿੱਚ ਮੋਹਰੀ ਭੂਮਿਕਾ
- ਪਿਛਲੀ ਜਮਾਤ ਵਿੱਚੋਂ 92% ਅੰਕ ਪ੍ਰਾਪਤ ਕੀਤੇ



- ਪੰਜਾਬ ਰਾਜ ਪੱਧਰ 'ਤੇ ਸ਼ਤਰੰਜ ਚੈਮਪੀਅਨਸ਼ਿੱਪ 2022-23 ਦੀ ਜੇਤੂ

ਸਿਮਰਨ ਕੌਰ
ਪਿਤਾ ਦਾ ਨਾਂ: ਸ੍ਰੀ ਪ੍ਰਦੀਪ ਕੁਮਾਰ
ਜਮਾਤ: +2 ਐੱਫ



- ਪੰਜਾਬ ਰਾਜ ਪੱਧਰ 'ਤੇ ਕਬੱਡੀ ਮੁਕਾਬਲੇ ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ

ਹਰਮਨਪ੍ਰੀਤ ਕੌਰ
ਪਿਤਾ ਦਾ ਨਾਂ: ਸ. ਗੁਰਸੇਵਕ ਸਿੰਘ
ਜਮਾਤ: +1 ਐੱਚ

## ਰਾਜ ਪੱਧਰੀ ਪ੍ਰਾਪਤੀਆਂ

1. ਸਕੂਲ ਦੇ 25 ਵਿਦਿਆਰਥੀਆਂ ਦੀ ਬੈਂਡ ਟੀਮ ਨੇ (ਪੰਜਾਬ ਪੱਧਰ 'ਤੇ) ਪਹਿਲਾ ਸਥਾਨ ਪ੍ਰਾਪਤ ਕੀਤਾ।
2. ਡਿੰਪੀ ਰਾਣੀ ਪੁੱਤਰੀ ਰਾਮ ਸਰੂਪ (+2 ਜੀ) ਨੇ 97.80% ਅੰਕ ਲੈ ਕੇ ਬੋਰਡ ਦੀ ਮੈਰਿਟ ਲਿਸਟ ਵਿੱਚ 9ਵਾਂ ਸਥਾਨ ਪ੍ਰਾਪਤ ਕੀਤਾ।
3. ਸਿਮਰਨ ਕੌਰ ਪੁੱਤਰੀ ਪ੍ਰਦੀਪ ਕੁਮਾਰ (+2 ਐੱਫ) ਨੇ ਚੈੱਸ ਮੁਕਾਬਲੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ।
4. ਹਰਮਨਪ੍ਰੀਤ ਕੌਰ ਪੁੱਤਰੀ ਗੁਰਸੇਵਕ ਸਿੰਘ (+1 ਐੱਚ) ਨੇ ਕਬੱਡੀ ਮੁਕਾਬਲੇ ਵਿੱਚੋਂ ਦੂਸਰਾ ਸਥਾਨ ਪ੍ਰਾਪਤ ਕੀਤਾ।

## ਜ਼ਿਲ੍ਹਾ ਪੱਧਰੀ (ਸਹਿ-ਵਿੱਦਿਅਕ) ਪ੍ਰਾਪਤੀਆਂ

| ਲੜੀ ਨੰ. | ਵਿਦਿਆਰਥੀ ਦਾ ਨਾਂ | ਪਿਤਾ ਦਾ ਨਾਮ | ਜਮਾਤ | ਮੁਕਾਬਲੇ ਦੇ ਨਾਂ | ਸਥਾਨ |
|---|---|---|---|---|---|
| 1 | ਸੁਖਮਨਦੀਪ ਕੌਰ | ਸ੍ਰੀ ਸੁਰਜੀਤ ਸਿੰਘ | 7th (ਏ) | ਲੇਖ | ਪਹਿਲਾ |
| 2 | ਸੁਖਮਨਦੀਪ ਕੌਰ | ਸ੍ਰੀ ਸੁਰਜੀਤ ਸਿੰਘ | 7th (ਏ) | ਸੁੰਦਰ ਲਿਖਾਈ | ਦੂਸਰਾ |
| 3 | ਸੁਖਮਨਦੀਪ ਕੌਰ | ਸ੍ਰੀ ਸੁਰਜੀਤ ਸਿੰਘ | 7th (ਏ) | ਕਵਿਤਾ ਉਚਾਰਨ | ਦੂਸਰਾ |
| 4 | ਗੁਰਸਿਮਰਨਪ੍ਰੀਤ ਕੌਰ | ਸ੍ਰੀ ਕੁਲਵੰਤ ਸਿੰਘ | 9ਵੀਂ (ਡੀ) | ਸੁੰਦਰ ਲਿਖਾਈ | ਦੂਸਰਾ |
| 5 | ਪਰਨੀਤ ਕੌਰ | ਸ੍ਰੀ ਸਤਨਾਮ ਸਿੰਘ | 10ਵੀਂ (ਸੀ) | ਵਿਗਿਆਨ ਮੇਲਾ | ਦੂਸਰਾ |
| 6 | ਹਰਜੀਤ ਕੌਰ | ਸ੍ਰੀ ਕਸ਼ਮੀਰ ਸਿੰਘ | +2 ਜੇ | ਸਿਤਾਰ ਵਾਦਨ | ਦੂਸਰਾ |
| 7 | ਰਾਧਿਕਾ ਗੁਪਤਾ | ਸ੍ਰੀ ਰਜਨੀਸ਼ ਗੁਪਤਾ | +1 ਈ | ਕਲੇਅ ਮਾਡਲਿੰਗ | ਦੂਸਰਾ |
| 8 | ਦੀਕਸ਼ਾ | ਸ੍ਰੀ ਰਾਕੇਸ਼ ਕੁਮਾਰ | 9ਵੀਂ ਏ | ਸਪੈਲ ਬੀ | ਦੂਸਰਾ |
| 9 | ਸੁਖਮਨਦੀਪ ਕੌਰ | ਸ੍ਰੀ ਸੁਰਜੀਤ ਸਿੰਘ | 7ਵੀਂ ਏ | ਸਪੈਲ ਬੀ | ਦੂਸਰਾ |
| 10 | ਨਵਜੋਤ ਕੌਰ | ਸ੍ਰੀ ਗੁਰਪ੍ਰੀਤ ਕੁਮਾਰ | +2 ਐਫ | ਸਕਿੱਟ | ਤੀਸਰਾ |
| 11 | ਮਨਪ੍ਰੀਤ | ਸ੍ਰੀ ਵਰਿੰਦਰ ਖਾਨ | +2 ਐਫ | ਸਕਿੱਟ | ਤੀਸਰਾ |
| 12 | ਸਨਪ੍ਰੀਤ ਕੌਰ | ਸ੍ਰੀ ਗੁਰਪ੍ਰੀਤ ਸਿੰਘ | +2 ਐਫ | ਸਕਿੱਟ | ਤੀਸਰਾ |
| 13 | ਵੀਨਸ ਰਾਣੀ | ਸ੍ਰੀ ਦਵਿੰਦਰ ਕੁਮਾਰ | +2 ਐਫ | ਸਕਿੱਟ | ਤੀਸਰਾ |
| 14 | ਅੰਜਲੀ ਦੇਵੀ | ਸ੍ਰੀ ਰਾਮ ਗੋਪਾਲ | +2 ਐਫ | ਸਕਿੱਟ | ਤੀਸਰਾ |
| 15 | ਗੁਰਪ੍ਰੀਤ ਕੌਰ | ਸ੍ਰੀ ਬਲਵੀਰ ਕੁਮਾਰ | +2 ਐਫ | ਸਕਿੱਟ | ਤੀਸਰਾ |
| 16 | ਜਸਮੀਨ ਕੌਰ | ਸ੍ਰੀ ਹਰਦੀਪ ਸਿੰਘ | +2 ਐਫ | ਸਕਿੱਟ | ਤੀਸਰਾ |
| 17 | ਜਸਪ੍ਰੀਤ ਕੌਰ | ਸ੍ਰੀ ਸਿੰਦਰ ਸਿੰਘ | +2 ਐਫ | ਸਕਿੱਟ | ਤੀਸਰਾ |
| 18 | ਗੁਰਸ਼ਰਨ ਕੌਰ | ਸ੍ਰੀ ਅਮਰੀਕ ਸਿੰਘ | +2 ਐਫ | ਸਕਿੱਟ | ਤੀਸਰਾ |
| 19 | ਈਸ਼ਾ ਰਾਣੀ | ਸ੍ਰੀ ਸੁਖਵਿੰਦਰ ਸਿੰਘ | +2 ਐਫ | ਸਕਿੱਟ | ਤੀਸਰਾ |

## NMMS ਵਜ਼ੀਫਾ ਪ੍ਰਾਪਤ ਕਰਨ ਵਾਲ਼ੇ ਵਿਦਿਆਰਥੀ

| | | | |
|---|---|---|---|
| ਵੀਰਪਾਲ ਕੌਰ | ਹਰਜਿੰਦਰ ਸਿੰਘ | 9ਵੀਂ ਏ | NMMS |
| ਸ਼ਹਿਨਾਜ਼ | ਬਹਾਦਰ ਖਾਨ | 9ਵੀਂ ਏ | NMMS |

## ਮੈਥ ਓਲੰਪੀਆਡ ਪ੍ਰੀਖਿਆ ਪਾਸ ਕੀਤੀ

| ਨਾਮ | ਜਮਾਤ | ਨਾਮ | ਜਮਾਤ |
|---|---|---|---|
| ਅਵਨੀਤ ਕੌਰ | 6ਵੀਂ ਏ | ਰਿਧੀ | 7ਵੀਂ ਬੀ |
| ਸਿਮਰਨ | 8ਵੀਂ ਏ | ਦੀਆ | 10ਵੀਂ ਏ |
| ਪਰਵੀਨ | 9ਵੀਂ ਈ | ਗੁਰਲੀਨ ਕੌਰ | 10ਵੀਂ ਏ |
| ਰਿਤਿਕਾ ਸ਼ਰਮਾ | 7ਵੀਂ ਏ | ਅਰਸ਼ਦੀਪ ਕੌਰ | 10ਵੀਂ ਏ |
| ਸੁਖਮਨਦੀਪ ਕੌਰ | 7ਵੀਂ ਏ | ਕਾਜਲ | 10ਵੀਂ ਏ |
| ਅੰਜੂ | 7ਵੀਂ ਬੀ | ਪੂਜਾ | 10ਵੀਂ ਏ |
| ਲਖਵਿੰਦਰ ਕੌਰ | 7ਵੀਂ ਬੀ | ਸਰੀਨਾ | 10ਵੀਂ ਏ |
| ਰਕੀਬਾ ਖਾਤੂਨ | 7ਵੀਂ ਬੀ | ਪਰਨੀਤ ਕੌਰ | 10ਵੀਂ ਸੀ |

## ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਵਿੱਚ ਪ੍ਰਾਪਤੀਆਂ

**ਵਾਲੀਬਾਲ (U–19)**

| ਨਾਮ | ਜਮਾਤ | ਸਥਾਨ |
|---|---|---|
| ਮਨਪ੍ਰੀਤ ਕੌਰ | +2 ਆਈ | ਪਹਿਲਾ |
| ਖੁਸ਼ਪ੍ਰੀਤ ਕੌਰ | 10ਵੀਂ ਏ | ਪਹਿਲਾ |
| ਦਲਜੀਤ ਕੌਰ | +1 ਆਈ | ਪਹਿਲਾ |
| ਮੁਸਕਾਨ | +2 ਸੀ | ਪਹਿਲਾ |
| ਨੇਹਾ | +2 ਈ | ਪਹਿਲਾ |
| ਰੇਖਾ | +1 ਐੱਚ | ਪਹਿਲਾ |
| ਪ੍ਰਭ | +1 ਐੱਚ | ਪਹਿਲਾ |
| ਹਰਮਨ | +1 ਬੀ | ਪਹਿਲਾ |

**ਕਬੱਡੀ (U–19)**

| ਨਾਮ | ਜਮਾਤ | ਸਥਾਨ |
|---|---|---|
| ਕਾਜਲ | +2 ਆਈ | ਪਹਿਲਾ |
| ਰਮਨਦੀਪ ਕੌਰ | +2 ਆਈ | ਪਹਿਲਾ |
| ਹਰਸ਼ਦੀਪ ਕੌਰ | +2 ਆਈ | ਪਹਿਲਾ |
| ਕਮਲਜੀਪ ਕੌਰ | +2 ਆਈ | ਪਹਿਲਾ |
| ਸਿਮਰਨਜੀਤ ਕੌਰ | +2 ਮੈਡੀਕਲ | ਪਹਿਲਾ |
| ਪ੍ਰਨੀਤ ਕੌਰ | +2 ਨਾਨ ਮੈਡੀਕਲ | ਪਹਿਲਾ |
| ਅਮਨਜੋਤ ਕੌਰ | +2 ਐੱਚ | ਪਹਿਲਾ |
| ਅਮਨ | +2 ਐੱਫ | ਪਹਿਲਾ |

## ਬੈਡਮਿੰਟਨ (U–14)

| | | |
|---|---|---|
| ਸੁਖਮਨਦੀਪ ਕੌਰ | 7ਵੀਂ ਏ | ਦੂਸਰਾ |
| ਚਾਹਤ | 7ਵੀਂ ਏ | ਦੂਸਰਾ |

## ਸ਼ਤਰੰਜ (U–19)

| | | |
|---|---|---|
| ਸਿਮਰਨ ਕੌਰ | +2 ਐੱਫ | ਤੀਸਰਾ |
| ਈਸ਼ਾ ਰਾਣੀ | +2 | ਤੀਸਰਾ |
| ਪ੍ਰੀਤੀ | +2 | ਤੀਸਰਾ |

## ਬੋਰਡ ਦੀਆਂ ਜਮਾਤਾਂ ਵਿੱਚ ਪਹਿਲੀਆਂ ਤਿੰਨ ਪੁਜੀਸ਼ਨਾਂ ਪ੍ਰਾਪਤ ਕਰਨ ਵਾਲ਼ੇ ਵਿਦਿਆਰਥੀ

### ਸੈਸ਼ਨ 2021-22

| ਨਾਮ | ਪਿਤਾ ਦਾ ਨਾਮ | ਸਥਾਨ | ਜਮਾਤ |
|---|---|---|---|
| ਵੀਰਪਾਲ ਕੌਰ | ਹਰਜਿੰਦਰ ਸਿੰਘ | ਪਹਿਲਾ | 8ਵੀਂ ਏ |
| ਸ਼ਹਿਨਾਜ | ਬਹਾਦਰ ਖਾਨ | ਦੂਸਰਾ | 8ਵੀਂ ਏ |
| ਸਮੀਪਤਾ | ਕੁਲਜੀਤ ਦੁਆ | ਤੀਸਰਾ | 8ਵੀਂ ਏ |

### ਜਮਾਤ ਦਸਵੀਂ

| ਨਾਮ | ਪਿਤਾ ਦਾ ਨਾਮ | ਸਥਾਨ | ਜਮਾਤ |
|---|---|---|---|
| ਨਵਨੀਤ ਕੌਰ | ਜਗਜੀਤ ਸਿੰਘ | ਪਹਿਲਾ | 10ਵੀਂ ਬੀ |
| ਹਰਕੰਵਲ ਕੌਰ | ਗੁਰਜਿੰਦਰ ਸਿੰਘ | ਦੂਸਰਾ | 10ਵੀਂ ਏ |
| ਚਾਂਦਨੀ | ਰਾਮ ਚੰਦ | ਤੀਸਰਾ | 10ਵੀਂ ਏ |

### ਜਮਾਤ ਬਾਰ੍ਹਵੀਂ

| ਸਥਾਨ | ਜਮਾਤ | ਨਾਮ | ਪਿਤਾ ਦਾ ਨਾਮ |
|---|---|---|---|
| ਪਹਿਲਾ | 12ਵੀਂ ਜੀ | ਡਿੰਪੀ ਰਾਣੀ | ਰਾਮ ਸਰੂਪ |
| ਦੂਸਰਾ | 12ਵੀਂ ਜੇ | ਗਗਨਪ੍ਰੀਤ ਕੌਰ | ਲਾਲ ਚੰਦ |
| ਤੀਸਰਾ | 12ਵੀਂ ਆਈ | ਅੰਬਿਕਾ | ਨਵਦੀਪ ਸਿੰਘ |
| ਤੀਸਰਾ | 12ਵੀਂ ਜੇ | ਗਗਨਦੀਪ ਕੌਰ | ਜਸਮੇਲ ਸਿੰਘ |

### ਸੈਸ਼ਨ 2021-22 ਵਿੱਚ ਪਹਿਲੀ ਪੁਜੀਸ਼ਨ ਪ੍ਰਾਪਤ ਕਰਨ ਵਾਲ਼ੇ ਵਿਦਿਆਰਥੀਆਂ ਦੀ ਸੈਕਸ਼ਨ ਵਾਈਜ਼ ਸੂਚੀ

| ਜਮਾਤ | ਵਿਦਿਆਰਥੀ ਦਾ ਨਾਂ | ਪਿਤਾ ਦਾ ਨਾਂ |
|---|---|---|
| 6 ਏ | ਸੁਖਮਨਦੀਪ ਕੌਰ | ਸੁਰਜੀਤ ਸਿੰਘ |
| 6 ਬੀ | ਰਕੀਬਾ ਖਾਤੂਨ | ਸ਼ੇਖ ਰਿਜਉਲ ਹੱਕ |
| 6 ਸੀ | ਖੁਸ਼ੀ | ਰਮੇਸ਼ ਕੁਮਾਰ |
| 7 ਏ | ਭਵਨਦੀਪ ਕੌਰ | ਦਪਿੰਦਰ ਸਿੰਘ |
| 7 ਬੀ | ਯਸ਼ਿਕਾ ਡੋਗਰਾ | ਜੋਗਿੰਦਰ ਸਿੰਘ |
| 7 ਸੀ | ਗੌਰੀ | ਤੇਜਿੰਦਰ ਸਿੰਘ |
| 8 ਏ | ਵੀਰਪਾਲ ਕੌਰ | ਹਰਜਿੰਦਰ ਸਿੰਘ |
| 8 ਬੀ | ਸੁਮੱਈਆ | ਮੁਹੰਮਦ ਹਲੀਮ |
| 8 ਸੀ | ਜ਼ਾਰਾ | ਕਮਲਜੀਤ ਸਿੰਘ |
| | ਦਿਵਜੋਤ | ਕੁਲਦੀਪ ਸਿੰਘ |

## ਸੈਸ਼ਨ 2021-22 ਵਿੱਚ ਪਹਿਲੀ ਪੁਜੀਸ਼ਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਸੈਕਸ਼ਨ ਵਾਈਜ਼ ਸੂਚੀ

| ਜਮਾਤ | ਵਿਦਿਆਰਥੀ ਦਾ ਨਾਂ | ਪਿਤਾ ਦਾ ਨਾਂ |
|---|---|---|
| 9 ਏ | ਦੀਆ | ਸੁਖਰਾਜ ਕੁਮਾਰ |
| 9 ਬੀ | ਅਮਨਦੀਪ ਕੌਰ | ਅਮਰੀਕ ਸਿੰਘ |
| 9 ਸੀ | ਪ੍ਰਨੀਤ ਕੌਰ | ਸਤਨਾਮ ਸਿੰਘ |
| 9 ਡੀ | ਹੁਸਨਪ੍ਰੀਤ ਕੌਰ | ਛਿੰਦਾ ਸਿੰਘ |
| 9 ਈ | ਸੋਨਾਲੀ ਕੁਮਾਰੀ | ਸੋਹਲ ਸ਼ਾਹ |
| 10 ਏ | ਹਰਕੰਵਲ ਕੌਰ | ਗੁਰਜਿੰਦਰ ਸਿੰਘ |
| 10 ਬੀ | ਲਵਜੀਤ ਕੌਰ | ਜਗਜੀਤ ਸਿੰਘ |
| 10 ਸੀ | ਖੁਸ਼ਪ੍ਰੀਤ ਕੌਰ | ਚਮਕੌਰ ਸਿੰਘ |
| 10 ਡੀ | ਰਾਸ਼ੀ | ਰਜਿੰਦਰ ਕੁਮਾਰ |
| 10 ਈ | ਰੌਸ਼ਨੀ | ਮੁਨਸ਼ੀ ਲਾਲ |
| +1 ਏ (ਨਾਨ ਮੈਡੀਕਲ) | ਕਿਰਤੀ ਵਰਮਾ | ਜਗਤਾਰ ਸਿੰਘ |
| +1 ਏ (ਮੈਡੀਕਲ) | ਅਵਨੀਤ ਕੌਰ | ਗੁਰਪ੍ਰੀਤ ਸਿੰਘ |
| +1 ਬੀ (ਕਮਰਸ) | ਸ਼ਿਵਾਨੀ ਸ਼ਰਮਾ | ਸੁਰੇਸ਼ ਨੰਦ |
| +1 ਸੀ (ਵੋਕੇਸ਼ਨਲ) | ਟਵਿੰਕਲ ਰਾਣੀ | ਅਮਨਦੀਪ ਗਰਗ |
| +1 ਡੀ (ਆਰਟਸ) | ਖੁਸ਼ੀ | ਪੂਰਨ ਸਿੰਘ |
| +1 ਈ (ਆਰਟਸ) | ਅੰਜਲੀ | ਰਮੇਸ਼ ਕੁਮਾਰ |
| +1 ਐਫ (ਆਰਟਸ) | ਮੀਨਲ ਗੁਪਤਾ | ਅਰਵਿੰਦ ਗੁਪਤਾ |
| +1 ਜੀ (ਆਰਟਸ) | ਮਿਲਨਪ੍ਰੀਤ ਕੌਰ | ਰਵਿੰਦਰਪਾਲ ਸਿੰਘ |
| +1 ਐਚ (ਆਰਟਸ) | ਨੀਰੂ | ਨਰਿੰਦਰ ਕੁਮਾਰ |
| +1 ਆਈ (ਆਰਟਸ) | ਰਾਜਦੀਪ ਕੌਰ | ਅਵਤਾਰ ਸਿੰਘ |
| +1 ਜੇ (ਆਰਟਸ) | ਸਾਨੀਆ | ਸ਼ਮਸ਼ਾਦ ਮੁਹੰਮਦ |
| +2 ਏ (ਮੈਡੀਕਲ) | ਕੁਮਕੁਮ | ਗੁਰਜਿੰਦਰ ਪ੍ਰਸ਼ਾਦ |
| +2 ਏ (ਨਾਨ ਮੈਡੀਕਲ) | ਗਗਨਪ੍ਰੀਤ ਕੌਰ | ਲਾਲ ਚੰਦ |
| +2 ਬੀ | ਅਨੁਪ੍ਰੀਤ ਕੌਰ | ਕੁਲਵੰਤ ਸਿੰਘ |
| +2 ਸੀ | ਹਰਮਨਦੀਪ ਕੌਰ | ਨਾਰ ਸਿੰਘ |
| +2 ਡੀ | ਮਨਪ੍ਰੀਤ ਕੌਰ | ਹਰਦੀਪ ਸਿੰਘ |
| +2 ਈ | ਹਰਪ੍ਰੀਤ ਕੌਰ | ਨਿਰਮਲ ਸਿੰਘ |
| +2 ਐਫ | ਹਰਮ | ਮੁਹੰਮਦ ਮਹਿਮੂਦ |
| +2 ਜੀ | ਡਿੰਪੀ ਰਾਣੀ | ਰਾਮ ਸਰੂਪ |
| +2 ਐਚ | ਸੰਜਨਾ ਦੀਪ | ਪ੍ਰਗਟ ਸਿੰਘ |
| +2 ਆਈ | ਅੰਬਿਕਾ | ਨਵਦੀਪ ਸਿੰਘ |

# ਪੰਜਾਬੀ ਵਿਭਾਗ

**ਸੰਪਾਦਕ**
**ਸੁਰਜੀਤ ਸਿੰਘ 'ਖਾਂਗ'**
**(ਰਾਜ ਪੁਰਸਕ੍ਰਿਤ)**
**ਪੰਜਾਬੀ ਮਾਸਟਰ**

**ਵਿਦਿਆਰਥੀ ਸੰਪਾਦਕ**
**ਲੱਛਮੀ ਦੇਵੀ**
**11ਵੀਂ ਸੀ (ਵੋਕੇਸ਼ਨਲ)**

ਸਕੂਲ ਸਿੱਖਿਆ ਦਾ ਸਮਾਂ ਮਨੁੱਖੀ ਜੀਵਨ ਵਿੱਚ ਅਹਿਮ ਥਾਂ ਰੱਖਦਾ ਹੈ। ਇਸ ਸਮੇਂ ਗ੍ਰਹਿਣ ਕੀਤੀ ਜੀਵਨ-ਜਾਂਚ ਤੇ ਅਹਿਸਾਸ ਸਮੁੱਚਾ ਜੀਵਨ ਸਾਡਾ ਸਾਥ ਦਿੰਦੇ ਹਨ। ਇਸ ਦੌਰ ਵਿੱਚ ਹਾਸਲ ਕੀਤੀ ਸਿੱਖਿਆ ਬਾਕੀ ਜੀਵਨ ਦੀ ਸਿੱਖਿਆ ਨਾਲੋਂ ਕਈ ਗੁਣਾ ਵੱਧ ਹੁੰਦੀ ਹੈ। ਇਹ ਦੌਰ ਭਾਵਾਂ ਦੇ ਪ੍ਰਬਲ ਵਹਿਣਾਂ ਦਾ ਦੌਰ ਹੁੰਦਾ ਹੈ। ਜਮਾਤ ਦਰ ਜਮਾਤ ਪੜ੍ਹਦਿਆਂ ਸਹਿਪਾਠੀਆਂ ਨਾਲ਼ ਬਣੀ ਮਿੱਤਰਤਾ ਜ਼ਿੰਦਗੀ ਭਰ ਨਿੱਭਦੀ ਹੈ। ਸਕੂਲ ਸਮੇਂ ਤੋਂ ਬਾਅਦ ਦੀਆਂ ਭਾਵੇਂ ਵੱਡੀਆਂ ਘਟਨਾਵਾਂ ਵੀ ਭੁੱਲ ਜਾਂਦੀਆਂ ਹਨ ਪਰ ਇਸ ਸਮੇਂ ਦੀਆਂ ਸਕੂਲ, ਅਧਿਆਪਕਾਂ, ਕਿਤਾਬਾਂ ਤੇ ਸਹਿਪਾਠੀਆਂ ਨਾਲ਼ ਜੁੜੀਆਂ ਯਾਦਾਂ ਕਦੇ ਨਹੀਂ ਭੁੱਲਦੀਆਂ।

ਛੋਟੇ-ਵੱਡੇ ਚਾਵਾਂ ਦਾ ਅਹਿਸਾਸ; ਸਵੇਰ ਦੀ ਸਭਾ, ਜਮਾਤ ਵਿੱਚ ਕੰਮ ਕਰਕੇ ਦਿਖਾਉਣ ਦਾ ਅਹਿਸਾਸ, ਖੇਡਾਂ ਤੇ ਹੋਰ ਮੁਕਾਬਲਿਆਂ ਦੀ ਤਿਆਰੀ ਅਤੇ ਇਮਤਿਹਾਨਾਂ ਦਾ ਅਹਿਸਾਸ; ਸੱਚਮੁੱਚ ਅਹਿਸਾਸ ਹੀ ਨੇ ਜੋ ਮਨੁੱਖ ਦੇ ਜੀਵਨ ਵਿੱਚ ਰੰਗ ਭਰਕੇ ਉਸਨੂੰ ਜਿਉਣ ਜੋਗਾ ਬਣਾਉਂਦੇ ਹਨ। ਇਨ੍ਹਾਂ ਅਹਿਸਾਸਾਂ ਨੂੰ ਰੂਪਮਾਨ ਕਰਨ ਲਈ ਮੈਂ ਸਮਝਦਾ ਹਾਂ ਕਿ ਹਰ ਸਕੂਲ ਕੋਲ਼ ਇੱਕ ਅਜਿਹੇ ਰਸਾਲੇ ਦਾ ਹੋਣਾ ਲਾਜ਼ਮੀ ਹੈ ਜਿਸ ਨਾਲ਼ ਪ੍ਰਾਪਤੀਆਂ ਵਾਲ਼ੇ ਵਿਦਿਆਰਥੀਆਂ ਨੂੰ ਪ੍ਰੋਤਸਾਹਨ ਮਿਲੇ ਅਤੇ ਵਿਦਿਆਰਥੀਆਂ ਦੇ ਖਿਆਲਾਂ ਤੇ ਵਲਵਲਿਆਂ ਨੂੰ ਪ੍ਰਵਾਜ਼ ਮਿਲ ਸਕੇ, ਉਹ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਦੇ ਹੋਏ ਉਚੇਰੀਆਂ ਮੰਜ਼ਲਾਂ ਵੱਲ ਵਧਣ ਦਾ ਹੌਂਸਲਾ ਜੁਟਾ ਸਕਣ।ਉਹਨਾਂ ਅੰਦਰ ਛੁਪੀਆਂ ਸਾਹਿਤਕ ਰੁਚੀਆਂ ਉਜਾਗਰ ਹੋਣ।ਸਾਹਿਤ; ਜੋ ਵਿਅਕਤੀ ਅੰਦਰ ਇਨਸਾਨੀ ਕਦਰਾਂ-ਕੀਮਤਾਂ ਉਪਜਾਉਂਦਾ ਹੈ ਤੇ ਜਿਨ੍ਹਾਂ ਦੀ ਅੱਜ ਦੇ ਮਸ਼ੀਨੀ ਤੇ ਪਦਾਰਥਵਾਦੀ ਯੁੱਗ ਵਿੱਚ ਬੇਤਹਾਸ਼ਾ ਜ਼ਰੂਰਤ ਹੈ।

ਅਸੀਂ ਧੰਨਵਾਦੀ ਹਾਂ ਮਾਣਯੋਗ ਪ੍ਰਿੰਸੀਪਲ ਰੋਮਿਲ ਮਹਿਤਾ ਜੀ ਦੇ, ਜਿੰਨ੍ਹਾਂ ਨੇ ਸਲਾਨਾ ਸਕੂਲ ਰਸਾਲੇ ਦੀ ਜ਼ਰੂਰਤ ਨੂੰ ਸਮਝਦਿਆਂ 'ਸੋਚ ਉਡਾਰੀ' ਰਸਾਲਾ ਛਪਾਉਣ ਦਾ ਸਲਾਹੁਣਯੋਗ ਉੱਦਮ ਕੀਤਾ ਹੈ। ਉਮੀਦ ਕਰਦੇ ਹਾਂ ਇਹ ਕਾਰਜ ਹਰ ਸਾਲ ਨਿਰੰਤਰ ਚਲਦਾ ਰਹੇਗਾ।ਅਖੀਰ ਵਿੱਚ ਵਿਦਿਆਰਥੀਆਂ ਨੂੰ ਇੱਕ ਸੰਦੇਸ਼:-

ਸੋਚ ਨਾਲ਼ ਹੀ ਖੋਜਾਂ ਹੋਈਆਂ, ਜੀਵਨ ਵਿੱਚ ਜੋ ਮੌਜਾਂ ਹੋਈਆਂ।
'ਸੋਚ' ਸਮੁੰਦਰ ਗਾਹ ਆਈ ਏ, ਚੰਨ ਦੇ ਉੱਤੇ ਜਾ ਆਈ ਏ।
ਸੋਚ ਨੂੰ ਸੁੱਚੀ ਕਰ ਕੇ ਰੱਖੀਂ, ਹਿੰਮਤ ਦਾ ਲੜ ਫੜ ਕੇ ਰੱਖੀਂ।
ਚੰਗੀ ਸੋਚ ਹੱਲ ਕਰ ਦਿੰਦੀ ਏ, ਮੁਸ਼ਕਲ ਵੱਡੀ ਭਾਰੀ।
ਪ੍ਰਵਾਜ਼ ਤੇਰੀ ਨੂੰ ਦੁਨੀਆਂ ਦੇਖੇ, ਲਾਵੀਂ ਐਸੀ '**ਸੋਚ ਉਡਾਰੀ**'।

**ਸੁਰਜੀਤ ਸਿੰਘ 'ਖਾਂਗ'**

# ਮਾਂ ਬੋਲੀ ਪੰਜਾਬੀ

ਠਾਠ ਜਿਸਦੇ ਨੇ ਨਵਾਬੀ,
ਚਾਲ ਜਿਸ ਦੀ ਹੈ ਮੁਰਗਾਬੀ,
ਇਹ ਮੇਰੀ ਮਾਂ ਬੋਲੀ ਪੰਜਾਬੀ।
ਜਿਸਨੂੰ ਸੁਣਦਿਆਂ ਰਸ ਹੈ ਘੁਲ਼ਦਾ,
ਜਿਸਨੂੰ ਬੋਲਿਆਂ ਸ਼ਹਿਦ ਹੈ ਡੁਲਦਾ,
ਰੂਪ ਜਿਸਦਾ ਹੈ ਗੁਲਾਬੀ,
ਇਹ ਮੇਰੀ ਮਾਂ ਬੋਲੀ ਪੰਜਾਬੀ।
ਜਿਸ ਦੇ ਗੁਣ ਮੈਂ ਨਿੱਤ ਹੀ ਗਾਵਾਂ
ਜਿਸਨੂੰ 'ਹਰਜੀਤ' ਦਿਲ ਵਿੱਚ ਵਸਾਵਾਂ
ਸਾਰੇ ਜੱਗ ਵਿੱਚ ਜੋ ਲਾਜ਼ਵਾਬੀ,
ਇਹ ਮੇਰੀ ਮਾਂ ਬੋਲੀ ਪੰਜਾਬੀ।
ਇਹ ਮੇਰੀ ਮਾਂ ਬੋਲੀ ਪੰਜਾਬੀ।

ਹਰਜੀਤ ਕੌਰ
ਲੈਕਚਰਾਰ ਪੰਜਾਬੀ

# ਸਮਾਂ

ਰਹੀ ਵਾਸਤੇ ਘੱਤ, ਸਮੇਂ ਨੇ ਇੱਕ ਨਾ ਮੰਨੀ।
ਫੜ ਫੜ ਰਹੀ ਧਰੀਕ, ਸਮੇਂ ਖਿਸਕਾਈ ਕੰਨੀ।

ਪਿਆਰੇ ਬੱਚਿਓ! ਸਮਾਂ ਚਲਾਇਮਾਨ ਹੈ। ਇਸ ਨੂੰ ਕਿਸੇ ਵੀ ਤਰ੍ਹਾਂ ਰੋਕਿਆ ਨਹੀਂ ਜਾ ਸਕਦਾ। ਸਕਿੰਟਾਂ ਤੋਂ ਮਿੰਟ ਅਤੇ ਮਿੰਟਾਂ ਤੋਂ ਘੰਟੇ, ਦਿਨ, ਮਹੀਨੇ ਤੇ ਸਾਲ ਬਣ-ਬਣ ਲੰਘੀ ਜਾ ਰਹੇ ਹਨ ਅਤੇ ਸਾਡੀ ਜ਼ਿੰਦਗੀ ਦੀ ਉਮਰ ਵਿੱਚ ਓਨੇ ਹੀ ਸਾਲ ਮੁੱਠੀ ਚੋਂ ਰੇਤ ਦੀ ਤਰ੍ਹਾਂ ਕਿਰਦੇ ਜਾ ਰਹੇ ਹਨ। ਲੰਘਿਆਂ ਵਕਤ, ਪੱਤਣੋਂ ਲੰਘੇ ਪਾਣੀ ਦੀ ਤਰ੍ਹਾਂ ਹੈ ਜਿਸ ਨੂੰ ਕੋਈ ਮੋੜ ਕੇ ਨਹੀਂ ਲਿਆ ਸਕਦਾ। ਉਸਨੂੰ ਯਾਦ ਕਰਕੇ ਝੁਰਨ ਦਾ ਵੀ ਕੋਈ ਫ਼ਾਇਦਾ ਨਹੀਂ। ਵਰਤਮਾਨ ਦਾ ਸਮਾਂ ਸਾਡੇ ਕੋਲ ਹੈ ਜਿਸ ਨੂੰ ਸੋਨੇ ਦੀਆਂ ਮੋਹਰਾਂ ਕਿਹਾ ਗਿਆ ਹੈ। ਇਸਦੇ ਸਦਉਪਯੋਗ ਨਾਲ਼ ਹੀ ਹਰ ਮੁਕਾਮ ਪ੍ਰਾਪਤ ਕਰ ਸਕਦੇ ਹੋ।

ਪਿਆਰੇ ਵਿਦਿਆਰਥੀਓ ! ਤੁਸੀਂ ਵਰਤਮਾਨ ਸਮੇਂ ਦੀ ਵਰਤੋਂ ਕਿਸ ਪ੍ਰਕਾਰ ਕਰਦੇ ਹੋ? ਕਿਹੜੇ ਕੰਮ ਵਿੱਚ ਵਧੇਰੇ ਸਮਾਂ ਲਾਉਂਦੇ ਹੋਏ ? ਉਹਨਾਂ ਕੰਮਾਂ ਨਾਲ ਤੁਹਾਨੂੰ ਜ਼ਿੰਦਗੀ ਵਿੱਚ ਕੀ ਨਸੀਬ ਹੋਵੇਗਾ, ਦੁੱਖ ਜਾਂ ਸੁੱਖ ? ਇਹ ਸਵੈ-ਪੜਚੋਲ਼ ਤੁਸੀਂ ਕਰਨੀ ਹੈ ? ਮੇਰਾ ਤੁਹਾਨੂੰ, ਬੀਬੇ ਬੱਚਿਆਂ ਨੂੰ ਇਹੀ ਸੁਨੇਹਾ ਹੈ ਕਿ ਆਪਣੇ ਵਡਮੁੱਲੇ ਸਮੇਂ ਨੂੰ ਸਿੱਖਿਆ ਵਿੱਚ ਅਤੇ ਹੋਰ ਚੰਗੇ ਕੰਮ ਵਿੱਚ ਲਾਉਂਦੇ ਹੋਏ ਖੁਸ਼ੀਆਂ ਦਾ ਖਜ਼ਾਨਾ ਇਕੱਠਾ ਕਰੋ।

**ਮਧੂ ਬਾਲਾ**
ਪੰਜਾਬੀ ਲੈਕਚਰਾਰ

# ਅਰਥਸ਼ਾਸਤਰ ਹੈ ਵਿਸ਼ਾ ਪਿਆਰਾ

ਅਰਥਸ਼ਾਸਤਰ ਹੈ ਵਿਸ਼ਾ ਪਿਆਰਾ, ਰੋਚਕ ਅਤੇ ਨਿਆਰਾ
ਸਾਨੂੰ ਦੱਸਦਾ ਪੈਸਾ ਦੇਸ਼ ਦਾ, ਕਿਥੋਂ ਆਉਂਦਾ ਸਾਰਾ।
ਉਤਪਾਦਕ ਖੇਤ ਵਿੱਚ ਮਿਹਨਤ ਕਰਕੇ, ਵਸਤੂਆ ਉਗਾਵੇ
ਉਪਭੋਗਤਾ ਕਣਕ, ਚੌਲ ਖਰੀਦ ਕੇ, ਪੈਸੇ ਦੇ ਕੇ ਜਾਵੇ।
ਖੇਤਾਂ ਵਿੱਚੋਂ ਜ਼ਹਾਜ਼ ਬੈਠ ਕੇ, ਨਿਰਯਾਤ ਕਨੇਡਾ ਜਾਵਣ
ਫਿਰ ਕਨੇਡਾ ਡਾਲਰ ਬਣ ਕੇ, ਭਾਰਤ ਵਾਪਸ ਆਵਣ।
ਇੱਕ ਡਾਲਰ ਭਾਰਤ ਦੇ ਵਿੱਚ, ਅੱਸੀ ਰੁਪਏ ਬਣ ਜਾਵਣ
ਇੱਥੋਂ ਆਵਣ ਪੈਸੇ ਬੱਚਿਓ, ਇੱਥੋਂ ਪੈਸੇ ਆਵਣ।
ਇੱਕ ਹੱਥ ਤੋਂ ਦੂਜੇ ਹੱਥ ਨਾਲ, ਇਹ ਬੈਕਾਂ ਵਿੱਚ ਜਾਵੇ
ਬੱਚਤ ਸਾਡੀ ਬੈਂਕਾ ਵਿੱਚ ਵਿਆਜ ਨਾਲ ਦੁੱਗਣੀ ਹੋ ਜਾਵੇ।
ਸਾਰਾ ਪੈਸਾ ਇਕੱਠਾ ਹੋ ਕੇ, ਭਾਰਤੀ ਰਿਜ਼ਰਵ ਬੈਂਕ ਕੋਲ ਜਾਂਦਾ
ਤਾਂ ਹੀ ਤਾਂ ਇਹ ਬੈਂਕ, ਦੇਸ ਦਾ ਸਰਵਉੱਚ ਬੈਂਕ ਕਹਾਉਂਦਾ।
ਟੈਕਸ ਦਾ ਰੂਪ ਧਾਰ ਕੇ, ਸਰਕਾਰੀ ਖਜਾਨੇ ਜਾਵੇ
ਸਬਸਿਡੀ ਵਿੱਚ ਬਦਲ ਕੇ ਫਿਰ ਇਹ, ਸਰਕਾਰੀ ਸਹੂਲਤ ਬਣ ਜਾਵੇ।
ਇੱਕ ਸਾਲ ਵਿੱਚ ਕੀ ਕਮਾਇਆ, ਵਿੱਤ ਮੰਤਰੀ ਸੁਣਾਵੇ
ਲੋਕ ਸਭਾ ਵਿੱਚ ਜਾ ਕੇ ਪੈਸਾ ਸਰਕਾਰੀ ਬਜਟ ਬਣ ਜਾਵੇ।
ਜੇ ਖ਼ਜ਼ਾਨਾ ਹੋ ਜੇ ਖਾਲੀ, ਘਾਟੇ ਦੀ ਵਿੱਤ ਵਿਵਸਥਾ ਅਪਨਾਵੋ
ਨਵੇਂ ਨੋਟ ਜਾਰੀ ਕਰਵਾ ਕੇ, ਖਜ਼ਾਨੇ ਨੂੰ ਭਰ ਜਾਵੋ।
ਉਤਪਾਦਕ, ਉਪਭੋਗੀ, ਸਰਕਾਰ, ਬੈਂਕਾ ਅਤੇ ਵਿਦੇਸ਼ੀ ਇਹ ਪੰਜ ਖੇਤਰ ਕਹਾਉਂਦੇ ਨੇ,
ਪੰਜੋ ਖੇਤਰ ਰਲ ਕੇ ਦੇਸ ਵਿੱਚ ਪੈਸੇ ਨੂੰ ਬਣਾਉਂਦੇ ਨੇ।
ਧਾਤੂ ਤੋਂ ਸਿੱਕਾ, ਸਿੱਕੇ ਤੋਂ ਰੁਪਈਆ, ਰੁਪਈਏ ਤੋਂ ਡਾਲਰ ਬਣ ਜਾਵੇ
ਇਸ ਤਰ੍ਹਾਂ ਪੈਸਾ ਬੱਚਿਓ, ਦੇਸ਼ ਦੇ ਵਿੱਚ ਆਵੇ।
ਪੈਸੇ-ਪੈਸੇ ਨਾਲ ਗੋਲਕ ਭਰਦਾ, ਅਰਥਸ਼ਾਸਤਰ ਸਮਝਾਵੇ
ਨਿਵੇਸ਼, ਨਿਰਯਾਤ, ਵਿਆਜ ਦੇ ਨਾਲ, ਪੈਸਾ ਜੁੜਦਾ ਜਾਵੇ।
'ਸੁਖਜੀਤ' ਕਹੇ ਆਪਾਂ ਸਾਰੇ ਜਣੇ, ਪੈਸੇ ਨੂੰ ਵਿਅਰਥ ਨਾ ਗਵਾਈਏ
ਆਓ ਸਾਰੇ ਅਰਥਸ਼ਾਸਤਰ ਪੜ੍ਹ ਕੇ, ਦੇਸ ਨੂੰ ਸੋਨੇ ਦੀ ਚਿੜੀ ਬਣਾਈਏ।

**ਸੁਖਜੀਤ ਕੌਰ**
ਲੈਕਚਰਾਰ ਇਕਨਾਮਿਕਸ

# ਸਿੱਖਿਆ ਲਈ ਸਿਹਤ ਜ਼ਰੂਰੀ

ਪਿਆਰੇ ਬੱਚਿਓ, ਲੰਬੀ ਅਤੇ ਸਫ਼ਲ ਜ਼ਿੰਦਗੀ ਜਿਉਣ ਲਈ ਦੋ ਅਹਿਮ ਚੀਜ਼ਾਂ ਹਨ, ਸਿੱਖਿਆ ਤੇ ਸਿਹਤ। ਇਹਨਾਂ ਦੋਵਾਂ ਦੀ ਮੌਜੂਦਗੀ ਹੀ ਇਨਸਾਨ ਨੂੰ ਲੰਮੀ ਉਮਰ ਲਈ ਸਫ਼ਲ ਤੇ ਖੁਸ਼ਹਾਲ ਜੀਵਨ ਦਾ ਅਨੁਭਵ ਦੇ ਸਕਦੀ ਹੈ।

ਅੱਜਕੱਲ੍ਹ ਅਕਸਰ ਦੇਖਦੇ ਹਾਂ ਕਿ ਬਹੁਤੇ ਮਾਪੇ ਆਪਣੇ ਬੱਚਿਆਂ ਦੀ ਸਿੱਖਿਆ ਤੇ ਤਾਂ ਧਿਆਨ ਕੇਂਦਰਤ ਕਰਦੇ ਹਨ ਪਰ ਉਹਨਾਂ ਦੀ ਸਿਹਤ, ਜੋ ਬਹੁਤ ਜਰੂਰੀ ਹੈ ਵੱਲ ਉਚੇਚਾ ਧਿਆਨ ਦੇਣ ਤੋਂ ਕਿਤੇ ਨਾ ਕਿਤੇ ਅਵੇਸਲੇ ਜਾਪਦੇ ਹਨ। ਇਹ ਬੱਚਿਆਂ ਦੇ ਭਵਿੱਖ ਲਈ ਠੀਕ ਨਹੀਂ ਹੈ। ਕਿਹਾ ਜਾਂਦਾ ਹੈ ਕਿ ਤੰਦਰੁਸਤ ਸਰੀਰ ਅੰਦਰ ਹੀ ਤੰਦਰੁਸਤ ਦਿਮਾਗ ਨਿਵਾਸ ਕਰਦਾ ਹੈ। ਜਿਹੜੇ ਵਿਦਆਰਥੀ ਸਰੀਰਕ ਪੱਖੋਂ ਕਮਜ਼ੋਰ ਹੁੰਦੇ ਹਨ ਉਹ ਪੜ੍ਹਾਈ ਵਿੱਚ ਵੀ ਚੰਗਾ ਪ੍ਰਦਰਸ਼ਨ ਨਹੀਂ ਕਰ ਪਾਉਂਦੇ; ਅਕਸਰ ਛੋਟੀਆਂ ਮੋਟੀਆਂ ਸਰੀਰਕ ਸਮੱਸਿਆਵਾਂ ਵਿੱਚ ਘਿਰੇ ਰਹਿੰਦੇ ਹਨ, ਜਿਸ ਕਾਰਨ ਪੜ੍ਹਾਈ ਵਿੱਚ ਰੁਚੀ ਘੱਟ ਜਾਂਦੀ ਹੈ। ਨਤੀਜੇ ਵੱਜੋਂ ਕਮਜ਼ੋਰ ਸਿਹਤ, ਸਿੱਖਿਆ ਪ੍ਰਾਪਤੀ ਵਿੱਚ ਵਿਘਨ ਪੈਦਾ ਕਰਕੇ, ਮਨ ਵਿੱਚ ਸੰਜੋਏ ਸੁਪਨਿਆਂ ਦੀ ਪੂਰਤੀ ਦਾ ਰਾਹ ਰੋਕਦੀ ਹੈ।

ਵੇਖਣ ਵਿੱਚ ਆਉਂਦਾ ਹੈ ਕਿ ਕੁਝ ਆਰਥਿਕ ਪੱਖੋਂ ਸੰਪੰਨ ਮਾਪੇ ਬੱਚਿਆਂ ਦੀ ਸਿਹਤ ਨੂੰ ਵਿਗਾੜਨ ਵਿੱਚ ਖੁਦ ਜਿੰਮੇਵਾਰ ਉਦੋਂ ਬਣਦੇ ਹਨ ਜਦੋਂ ਆਪਣੇ ਉੱਚੇ ਸਟੇਟਸ ਦਾ ਅਹਿਸਾਸ ਕਰਵਾਉਣ ਲਈ ਮਾਰਕਿਟ ਵਿੱਚ ਵਿਕਦੇ ਘਟੀਆ ਦਰਜੇ ਦੇ ਫਾਸਟ ਫੂਡਜ਼ ਦੀ ਵਰਤੋਂ ਦੀ ਇਜਾਜ਼ਤ ਦਿੰਦੇ ਹਨ। ਇਸ ਸਬੰਧੀ ਕੇਵਲ ਮਾਪੇ ਹੀ ਬੱਚੇ ਨੂੰ ਖਾਣ ਪੀਣ ਦੀਆਂ ਚੰਗੀਆਂ ਆਦਤਾਂ ਪਾ ਕੇ ਤੰਦਰੁਸਤ ਰੱਖ ਸਕਦੇ ਹਨ ਕਿਉਂਕਿ ਬੱਚੇ ਇਹਨਾਂ ਬਜ਼ਾਰੀ ਵਸਤਾਂ ਦੇ ਨੁਕਸਾਨ ਤੋਂ ਅਣਜਾਣ ਹੁੰਦੇ ਹਨ।

ਬੱਚਿਆਂ ਦੀ ਚੰਗੀ ਸਿਹਤ ਲਈ ਮਾਪਿਆਂ ਨੂੰ ਜਿੱਥੇ ਖਾਣ ਪੀਣ ਦੀਆਂ ਘਰੇਲੂ ਪੌਸ਼ਟਿਕ ਵਸਤਾਂ ਦੀ ਵਰਤੋਂ ਵੱਲ ਧਿਆਨ ਦੇਣਾ ਚਾਹੀਦਾ ਹੈ ਉੱਥੇ ਹੀ ਸਰੀਰ ਦੀ ਸਫ਼ਾਈ ਜਿਵੇਂ ਰੋਜ਼ਾਨਾ ਨਹਾਉਣ, ਸਵੇਰੇ ਖਾਣਾ ਖਾਣ ਤੋਂ ਬਾਅਦ ਅਤੇ ਰਾਤ ਸਮੇਂ ਖਾਣਾ ਖਾਣ ਉਪਰੰਤ ਦੰਦ ਸਾਫ਼ ਕਰਨ ਦੀ ਆਦਤ ਬੱਚਿਆਂ ਨੂੰ ਪਾਉਣੀ ਚਾਹੀਦੀ ਹੈ। ਇਸਦੇ ਨਾਲ਼-ਨਾਲ਼ ਬੱਚਿਆਂ ਨੂੰ ਸਰੀਰਕ ਕਸਰਤਾਂ ਜਿਵੇਂ ਯੋਗ, ਕੋਈ ਵੀ ਬੱਚੇ ਦੀ ਮਨਪਸੰਦ ਖੇਡ, ਸਵੇਰ ਦੀ ਸੈਰ ਆਦਿ ਲਈ ਰੋਜ਼ਾਨਾ ਸਮਾਂ ਨਿਰਧਾਰਤ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਨਾਲ ਬੱਚੇ ਜ਼ਿੰਦਗੀ ਭਰ ਲਈ ਚੰਗੀਆਂ ਆਦਤਾਂ ਗ੍ਰਹਿਣ ਕਰਕੇ ਚੰਗੀ ਸਿਹਤ ਦੇ ਮਾਲਕ ਬਣੇ ਰਹਿਣਗੇ।

ਸਮੂਹ ਮਾਪਿਆਂ ਤੋਂ ਆਸ ਕਰਾਂਗੇ ਕਿ ਉਹ ਬੱਚਿਆਂ ਨੂੰ ਸਰੀਰਕ ਤੌਰ ਤੇ ਤੰਦਰੁਸਤ ਰੱਖਣ ਲਈ, ਆਪਣੀ ਜ਼ਿੰਦਗੀ ਦੇ ਰੁਝੇਵਿਆਂ ਵਿੱਚੋਂ ਸਮਾਂ ਦੇ ਕੇ ਚੰਗੀਆਂ ਆਦਤਾਂ ਪਾਉਣ ਲਈ ਉਪਰਾਲਾ ਕਰਨਗੇ। ਇਸਦੇ ਨਾਲ਼-ਨਾਲ਼ ਪੜ੍ਹਾਈ ਵਿੱਚ ਬੱਚਿਆਂ ਨੂੰ ਚੰਗਾ ਬਣਾਉਣ ਲਈ, ਉਹਨਾਂ ਦੀ ਸਕੂਲ ਵਿੱਚ ਹਾਜ਼ਰੀ ਯਕੀਨੀ ਬਣਾਉਣਾ, ਅਧਿਆਪਕ ਸਹਿਬਾਨ ਨਾਲ਼ ਮਹੀਨੇ 'ਚ ਘੱਟੋ ਘੱਟ ਇੱਕ ਵਾਰ ਮਿਲਕੇ ਬੱਚੇ ਦੀਆਂ ਗਤੀਵਿਧੀਆਂ ਤੇ ਧਿਆਨ ਦੇਣਾ ਅਤੇ ਸਕੂਲ ਵਿੱਚੋਂ ਮਿਲਿਆ ਕੰਮ ਰੋਜਾਨਾ ਪੂਰਾ ਕਰਨ ਲਈ ਪ੍ਰੇਰਿਤ ਕਰਨਾ ਮਾਪਿਆਂ ਦਾ ਫ਼ਰਜ਼ ਬਣਦਾ ਹੈ।

ਮਾਪੇ ਜੇਕਰ ਕਰਨ ਸਹਿਯੋਗ, ਸਾਰੇ ਬੱਚੇ ਰਹਿਣ ਨਿਰੋਗ।
ਨਿਰੋਗ ਬੱਚਾ ਹੀ ਪੜ੍ਹ ਸਕਦਾ ਏ, ਸੁਪਨੇ ਪੂਰੇ ਕਰ ਸਕਦਾ ਹੈ।
ਮੰਜ਼ਲ ਨੂੰ ਸਰ ਕਰ ਸਕਦਾ ਏ।

**ਸੁਖਵਿੰਦਰ ਸਿੰਘ**
ਆਰਟ ਐਂਡ ਕਰਾਫ਼ਟ ਅਧਿਆਪਕ

# ਅਨੋਖਾ ਵਿਆਹ

ਮੈਂ ਵੇਖਿਆ ਅੱਜ ਦੇ ਜ਼ਮਾਨੇ ਦਾ ਇੱਕ ਅਨੋਖਾ ਵਿਆਹ,
ਜਿਸ ਨੂੰ ਅੱਖੀਂ ਵੇਖ ਕੇ ਮੇਰਾ ਗਿਆ ਚਿੱਤ ਘਬਰਾ।
ਜਿੱਥੇ ਪੱਛਮੀ ਪਹਿਰਾਵਿਆਂ, ਰਿਵਾਜ਼ਾਂ ਤੇ ਗੀਤਾਂ ਦਾ ਸੀ ਪੂਰਾ ਗਾਹ,
ਕੁੜੀਆਂ - ਮੁਟਿਆਰਾਂ ਨੇ ਦਿੱਤੀ ਸ਼ਰਮ ਦੀ ਲੋਈ ਲਾਹ।
ਨੱਚ-ਨੱਚ ਹੋਵਣ ਦੂਹਰੀਆਂ, ਅਸੱਭਿਅਕ ਗੀਤਾਂ ਦੀਆਂ ਧੁਨਾਂ ਵਜਾ,
ਮੈਂ ਵੇਖਿਆ ਅੱਜ ਦੇ ਜ਼ਮਾਨੇ ਦਾ ਇੱਕ ਅਨੋਖਾ ਵਿਆਹ ।
ਜਿਸ ਨੂੰ ਅੱਖੀਂ ਵੇਖ ਕੇ ਮੇਰਾ ਗਿਆ ਚਿੱਤ ਘਬਰਾ।
ਕਰ ਫੈਸ਼ਨ ਵੰਨ-ਸੁਵੰਨੇ ਰਹੀਆਂ ਆਪਣਾ-ਆਪ ਲਿਸ਼ਕਾਂ।
ਭੁੱਲੀਆਂ ਸੂਟ ਪੰਜਾਬੀ ਪਾਉਣੇ, ਗਈਆਂ ਜੀਨਾਂ ਸਕਰਟਾਂ ਤੇ ਆ,
ਇੱਕ ਦੂਜੀ ਤੋਂ ਵੱਧ ਕੇ ਰਹੀਆਂ ਸੀ, ਆਪਣੇ-ਆਪ ਨੂੰ ਦਿਖਾ।
ਮੈਂ ਵੇਖਿਆ ਅੱਜ ਦੇ ਜ਼ਮਾਨੇ ਦਾ ਇੱਕ ਅਨੋਖਾ ਵਿਆਹ,
ਜਿਸ ਨੂੰ ਅੱਖੀਂ ਵੇਖ ਕੇ ਮੇਰਾ ਗਿਆ ਚਿੱਤ ਘਬਰਾ।
ਨਾ ਕੋਈ ਰੋਕੇ ਨਾ ਕੋਈ ਟੋਕੇ, ਨਾ ਹੀ ਦੇਵੇ ਸਲਾਹ,
ਮੇਰੇ ਪੰਜਾਬੀ ਸੱਭਿਆਚਾਰ ਦੀ ਬੇੜੀ ਡੁੱਬੀ, ਸਣੇ ਮਲਾਹ।
ਰੱਬਾ ਭੇਜ ਕੋਈ ਫਰਿਸ਼ਤਾ, ਜੋ ਦੇਵੇ ਇਨ੍ਹਾਂ ਨੂੰ ਸਮਝਾ।
ਮੇਰੀਏ ਧੀਏ, ਮੇਰੀਏ ਭੈਣੇ, ਸਾਂਭ ਲੈ ਆਪਣੇ ਵਿਰਸੇ ਨੂੰ ਰਿਹਾ ਦਦਹੇੜੇ ਵਾਲਾ ਕੁਰਲਾਅ।

**ਪ੍ਰੇਮ ਸਿੰਘ**
ਪੀ.ਟੀ.ਆਈ ਅਧਿਆਪਕ

# ਨਵੀਂ ਸਵੇਰ

ਹਰ ਘਰ ਚਿਰਾਗ ਹੋਵੇ
ਕੋਈ ਭੁੱਖਾ ਨਾ ਲਾਚਾਰ ਹੋਵੇ
ਸਰਹੱਦਾਂ ਤੇ ਨਾ ਜੰਗ ਹੋਵੇ
ਏਕੇ, ਬਰਾਬਰਤਾ ਦਾ ਸੰਗ ਹੋਵੇ।
ਝੂਠ ਨਾ ਫਰੇਬ ਹੋਵੇ
ਧੋਖੇ ਤੋਂ ਗੁਰੇਜ਼ ਹੋਵੇ
ਮਹਿਕਾਂ ਵੰਡਦਾ ਜੱਗ ਹੋਵੇ
ਸਭ ਦਾ ਇੱਕੋ ਰੱਬ ਹੋਵੇ।
ਸਚ ਵਾਲ਼ਾ ਸਾਥ ਹੋਵੇ
ਨਿਡਰਤਾ ਦਾ ਰਾਜ ਹੋਵੇ

ਨੇਕੀ ਦੀ ਕਮਾਈ ਹੋਵੇ
ਚਾਰੇ ਪਾਸੇ ਚੰਗਿਆਈ ਹੋਵੇ।
ਪਿਆਰ ਦਾ ਦਿਲਾਸਾ ਹੋਵੇ
ਸ਼ਾਂਤੀ ਦਾ ਵਾਸਾ ਹੋਵੇ
ਅਮਨ ਵਾਲ਼ੀ ਰਾਤ ਹੋਵੇ,
ਮੁਹੱਬਤ ਭਰੀ ਬਾਤ ਹੋਵੇ।
ਇਨਸਾਫ਼ ਦੀ ਉਡੀਕ ਵਿੱਚ
ਲੱਗਦੀ ਨਾ ਦੇਰ ਹੋਵੇ
ਮੇਰੇ ਸ਼ਹਿਰ ਵਿੱਚ ਹਰ ਦਿਨ
ਇਹੋ ਜਿਹੀ ਸਵੇਰ ਹੋਵੇ।

ਕੁਸਮ ਰਾਣੀ 'ਵਰਮਾ'
ਗਣਿਤ ਮਿਸਟ੍ਰੈਸ

# ਗ੍ਰਹਿ ਵਿਗਿਆਨ

ਵਿਗਿਆਨਾਂ ਵਿੱਚੋਂ ਹੈ ਇੱਕ ਵਿਗਿਆਨ,
ਪੜ੍ਹ ਲਓ ਬੱਚਿਓ ਗ੍ਰਹਿ ਵਿਗਿਆਨ।
ਕੁੱਲੀ, ਗੁੱਲੀ, ਜੁੱਲੀ ਤਿੰਨੇ ਹਰ ਕੋਈ ਚਾਹੁੰਦਾ ਏ,
ਗ੍ਰਹਿ ਵਿਗਿਆਨ ਤਿੰਨਾਂ ਦੀ ਸਾਨੂੰ ਕਲਾ ਸਿਖਾਉਂਦਾ ਏ।
ਸਿਲਾਈ, ਕਢਾਈ ਟਾਈ ਐਂਡ ਡਾਈ,
ਇਸ ਵਿੱਚ ਸਿਖਾਏ ਜਾਣ।
ਵੰਨ੍ਹ ਸੁਵੰਨੇ, ਸੰਤੁਲਿਤ ਤੇ ਪੌਸ਼ਟਿਕ,
ਬਣਦੇ ਨੇ ਪਕਵਾਨ।
ਘਰ ਬਣਾਉਣਾ, ਕਿਵੇਂ ਸਜਾਉਣਾ,
ਇਸ ਦਾ ਗੁਣ ਹੈ ਭਾਰੀ।
ਘਰ ਨੂੰ ਜਿਹੜੀ ਭਾਗ ਹੈ ਲਾਉਂਦੀ,
ਸੁਘੜ ਕਹਾਵੇ ਨਾਰੀ।
ਰਿਸ਼ਤਿਆਂ ਵਿੱਚ ਹੈ ਪਿਆਰ ਵਧਾਵੇ
ਜੀਵਨ ਜਾਂਚ ਸਿਖਾਵੇ।
ਪਾਲਣ-ਪੋਸ਼ਣ ਛੋਟੇ-ਵੱਡੇ ਦਾ,
ਇਹੀ ਵਿਸ਼ਾ ਸਿਖਾਵੇ।

ਘਰ ਨੂੰ ਜ਼ੰਨਤ ਜੇ ਬਣਾਉਣਾ
ਗਿਆਨ ਇਸ ਦਾ ਪਾਓ।
ਘਰ ਦੇ ਅੰਦਰ ਰਹਿਣਾ ਸਿੱਖ ਲਓ,
ਜੀਵਨ ਖੁਸ਼ੀਆਂ ਨਾਲ਼ ਬਿਤਾਓ।
ਰੁਜ਼ਗਾਰ ਦੇ ਮੌਕੇ ਵੀ ਨੇ ਇਸ ਵਿੱਚ,
ਜਿਹੜਾ ਇਸ ਨੂੰ ਪੜ੍ਹਦਾ।
ਮਿਹਨਤ ਕਰਦਾ ਜਿਹੜਾ ਬੱਚਾ,
ਆਪਣੀ ਮੰਜ਼ਲ ਫੜ੍ਹਦਾ।

**ਸ਼ਸ਼ੀ**
ਹੋਮ ਸਾਇੰਸ ਮਿਸਟ੍ਰੈਸ



## ਬੈਡਮਿੰਟਨ

ਬੈਡਮਿੰਟਨ ਮੇਰੀ ਖੇਡ ਪਿਆਰੀ,
ਕਰਦੀ ਇਸ ਦੀ ਨਿੱਤ ਤਿਆਰੀ।
ਅੱਗੇ-ਅੱਗੇ ਜਿੱਤਦੇ ਜਾਣਾ,
ਏਸ ਖੇਡ ਵਿੱਚ ਨਾਂ ਚਮਕਾਉਣਾ।
ਮਾਪਿਆਂ ਨੂੰ ਮੈਂ ਖੁਸ਼ੀ ਹੈ ਦੇਣੀ,
ਅਧਿਆਪਕਾਂ ਤੋਂ ਹੈ ਵਾਹ-ਵਾਹ ਲੈਣੀ।
ਜਦ ਅਖਬਾਰ 'ਚ ਫੋਟੋ ਲੱਗਣੀ,
ਅੱਖੀਂ ਅਨੋਖੀ ਚਮਕ ਹੈ ਪੈਣੀ।
ਕੋਚ ਆਪਣੇ ਦਾ ਮੰਨਣਾ ਕਹਿਣਾ,
ਖੇਡਣ ਦਾ ਗੁਣ ਜਿਸ ਤੋਂ ਲੈਣਾ।
ਮਿਹਨਤ ਦੇ ਨਾਲ਼ ਪੜ੍ਹਨਾ ਵੀ ਏ,
ਮੰਜ਼ਲ ਨੂੰ ਸਰ ਕਰਨਾ ਵੀ ਏ।
ਸਕੂਲ ਦਾ ਨਾਂ ਮੈਂ ਉੱਚਾ ਕਰਨਾ,
ਹੱਥ 'ਚ ਜਦੋਂ ਮੈਂ ਮੈਡਲ ਫੜਨਾ।
ਕੰਮ ਮੈਂ ਚੰਗੇ ਕਰਦੇ ਰਹਿਣਾ,
ਪ੍ਰਿੰਸੀਪਲ ਨੇ 'ਸ਼ਾਬਾਸ਼ ਸੁਖਮਨ' ਕਹਿਣਾ।

**ਸੁਖਮਨਦੀਪ ਕੌਰ**
ਜਮਾਤ - ਸੱਤਵੀਂ (ਏ)

# ਕੰਪਿਊਟਰ

ਮੈਂ ਕੰਪਿਊਟਰ ਹਾਂ, ਮੈਂ ਤੁਹਾਡਾ ਸਾਥੀ ਹਾਂ।
ਦੋਸਤ ਵਾਂਗ, ਮੈਂ ਤੁਹਾਡਾ ਕੰਮ ਕਰਦਾ ਹਾਂ।
ਮਿੰਟਾਂ ਵਿੱਚ ਮੈਂ ਕੰਮ ਕਰਾਂ, ਕਦੀ ਗੁੱਸਾ ਮੈਂ ਨਾ ਕਰਾਂ।
ਤੁਹਾਡਾ ਸਾਥੀ ਬਣ, ਤੁਹਾਡਾ ਮਨ ਪਰਚਾਵਾ ਕਰਾਂ।
ਦੁਨੀਆਂ ਦੇ ਨਵੇਂ ਰੰਗਾਂ ਵਿੱਚ, ਤਕਨੀਕ ਦਾ ਰੰਗ ਭਰਾ।
ਗੇਮਾਂ ਰਾਹੀ ਬੱਚਿਆਂ, ਵੱਡਿਆਂ ਅਤੇ ਨੌਜਵਾਨਾਂ ਦਾ, ਮਨ ਪਰਚਾਵਾ ਕਰਾਂ।
ਚੈਟਿੰਗ ਰਾਹੀ ਗੱਲਬਾਤ ਕਰਾਂ, ਮੇਲ ਰਾਹੀਂ ਸੰਚਾਰ ਕਰਾਂ।
ਪੜ੍ਹਾਈ ਹੋਵੇ ਜਾਂ ਸ਼ਾਪਿੰਗ, ਹਰ ਤਰ੍ਹਾਂ ਦੇਵਾਂ ਸਾਥ।
ਗੀਤਾਂ ਅਤੇ ਫ਼ਿਲਮਾਂ ਦੀ, ਮੈਂ ਦੇਵਾਂ ਸੌਗਾਤ।
ਸਾਥੀ ਬਣ ਤੁਹਾਡਾ, ਮਨ ਪਰਚਾਵਾ ਕਰਾਂ।
ਪਾਵਰ-ਪੁਆਇੰਟ ਅਤੇ ਆਫ਼ਿਸ ਰਾਹੀਂ, ਨਵੀਂ ਫ਼ਾਈਲਾਂ ਅਤੇ ਪ੍ਰੋਜੈਕਟ ਬਣਾਈਏ।
ਟੈਕਨੋਲੌਜੀ ਦੀ ਦੁਨੀਆਂ ਵਿੱਚ, ਨਵਾਂ ਯੋਗਦਾਨ ਪਾਈਏ।
ਇੰਟਰਨੈੱਟ ਰਾਹੀਂ, ਦੁਨੀਆਂ ਦੀ ਸੂਚਨਾ ਨੂੰ ਇੱਕਠਾ ਕਰੀਏ।
ਨਵੀਂ ਟੈਕਨੋਲੌਜੀ ਦੇ, ਸਾਗਰ ਵਿੱਚ ਡੁੱਬਕੀ ਲਗਾਈਏ।
ਚਲੋ ਰਲ਼-ਮਿਲ਼, HTML ਤੇ ਵੈੱਬ ਡਿਜ਼ਾਇਨਿੰਗ ਕਰੀਏ।
'ਸੀ' ਭਾਸ਼ਾ ਦੀ ਕੋਡਿੰਗ ਨਾਲ਼, ਇੱਕ ਨਵੇਂ ਸਾਫ਼ਟਵੇਅਰ ਦੀ ਖੋਜ ਕਰੀਏ।
ਕੰਪਿਊਟਰ ਨੂੰ ਬਣਾ ਸਾਥੀ, ਟੈਕਨੋਲੌਜੀ ਦੇ ਨਵੇਂ ਸਿਖਰਾਂ ਤੇ ਪੁੱਜੀਏ।
ਨਵੀਂ ਟੈਕਨੋਲੌਜੀ ਨਾਲ਼, ਜੀਵਨ ਅਸਾਨ ਬਣਾਈਏ।
ਸੂਚਨਾ ਨੂੰ ਲੱਭ ਦਿਖਾਵਾਂ, ਮੈਪ ਰਾਹੀਂ ਰਸਤਾ ਦਿਖਾਵਾ।
ਸਾਥੀ ਬਣ ਤੁਹਾਡਾ, ਹਰ ਕੰਮ ਅਸਾਨ ਕਰਾਂ।
ਚਾਹੇ ਭਾਸ਼ਾਵਾਂ ਦੀ ਹੋਵੇ ਦੂਰੀ, ਟਰਾਂਸਲੇਟ ਮਿੰਟਾਂ ਵਿੱਚ ਕਰਾਂ।
ਗੂਗਲ ਸ਼ੀਟਾਂ ਰਾਹੀਂ, ਸੂਚਨਾ ਨੂੰ ਇੱਕਠਾ ਕਰਾਂ।
ਵਪਾਰ ਦੇ ਕੰਮਾਂ ਨੂੰ, ਟੈਕਨੋਲੌਜੀ ਨਾਲ਼ ਹੱਲ ਕਰਾਂ।
ਸਾਥੀ ਬਣ ਤੁਹਾਡਾ, ਹਰ ਕੰਮ ਅਸਾਨ ਕਰਾਂ।
ਮੈਂ ਕੰਪਿਊਟਰ ਹਾਂ, ਮੈਂ ਤੁਹਾਡਾ ਸਾਥੀ ਹਾਂ।
ਦੋਸਤ ਵਾਂਗ, ਮੈਂ ਤੁਹਾਡਾ ਕੰਮ ਕਰਾਂ।

**ਨੇਹਾ ਸਿੰਗਲਾ**
ਕੰਪਿ : ਫ਼ੈਕਲਟੀ

# ਮਾਂ

ਰੋਂਦਿਆਂ ਵੇਖ ਬੁੱਕਲ ਵਿੱਚ,
ਮੈਨੂੰ ਤੂੰ ਉਠਾਇਆ ਮਾਂ।
ਉਂਗਲ ਨਾਲ਼ ਲਾ ਕੇ ਆਪਣੀ,
ਮੈਨੂੰ ਤੁਰਨਾ ਤੂੰ ਸਿਖਾਇਆ ਮਾਂ।
ਪੜ੍ਹਨ ਪਿੱਛੇ ਪਾਪਾ ਦੀ ਮਾਰ ਤੋਂ,
ਤੂੰ ਮੈਨੂੰ ਬਚਾਇਆ ਮਾਂ।
ਆਪ ਘੱਟ ਖਾ ਕੇ,
ਮੈਨੂੰ ਵੱਧ ਖੁਆਉਂਦੀ ਰਹੀ।
ਆਪ ਤਾਂ ਕੁਝ ਲੈਂਦੀ ਨਾ,
ਮੈਨੂੰ ਨਵੇਂ ਕੱਪੜੇ ਦਿਵਾਉਂਦੀ ਰਹੀ।
ਔਖੇ ਹੋ ਕੇ ਸਾਡੇ ਲਈ,
ਤੂੰ ਕਮਾਇਆ ਮਾਂ।
ਕਹਿੰਦੇ ਹਨ ਰੱਬ ਦਾ ਦੂਜਾ ਰੂਪ ਹੈ ਮਾਂ,
ਪਰ ਰੱਬ ਦਾ ਹੀ ਤਾਂ ਸਰੂਪ ਹੈ ਮਾਂ।

**ਕੋਮਲ,**
+ 1 F

# ਭਗਤ ਸਿੰਘ ਨੂੰ

ਮਾਸ ਦੇ ਬੁੱਤ ਵਿਕਦੇ ਨੇ,
ਹੁਣ "ਭਗਤ ਸਿਹਾਂ" ਵਿੱਚ ਬਜ਼ਾਰਾਂ ਦੇ,
ਇੱਥੇ ਸਿੱਕਿਆਂ ਵਾਲ਼ੇ ਕਦਰਾਂ ਨਾ ਜਾਣਨ,
ਕੀ ਮੁੱਲ ਹੁੰਦੇ ਦਿਲਦਾਰਾਂ ਦੇ,
ਪਰਦੇ ਤੋਂ ਪਰਦਾ ਲਾਹ ਦਿੱਤਾ,
ਨਾਮ ਚਮਕਦੇ ਬੇਸ਼ਰਮੇ ਫਨਕਾਰਾਂ ਦੇ,
ਤੇਰੇ ਮੁਲਕ 'ਚ ਨੰਗਪਣੇ ਦੀ ਹੱਦ ਨਾ ਰਹੀ,
ਹੁਣ ਪੰਨੇ ਰੋਂਦੇ ਨੇ ਅਖ਼ਬਾਰਾਂ ਦੇ,
ਪਿਛੋਕੜ ਨੂੰ ਪਿੱਛੇ ਛੱਡ ਗਏ
ਗੀਤ ਨਵਜੰਮਿਆਂ ਗੀਤਕਾਰਾਂ ਦੇ,
ਹੁਣ ਪ੍ਰਦੇਸੀ ਜਾਣ ਦੀ ਸੋਚਾਂ ਨੇ,
ਨਿਕੰਮੇ ਕਰ ਤੇ ਪੁੱਤ ਸਰਦਾਰਾਂ ਦੇ,
ਤੇਰੇ ਪੰਜਾਬ ਦੀਆਂ ਤਲਵਾਰਾਂ ਸੁੱਤੀਆਂ,
ਹੁਣ ਸਿਰ ਵੱਧ ਗਏ ਗਦਾਰਾਂ ਦੇ,
ਦੇਸ਼ ਤੇਰੇ ਦੇ ਲੋਕੀਂ ਭੁੱਖੇ ਮਰਦੇ,
ਢਿੱਡ ਭਰਦੇ ਨੇ ਸਰਕਾਰਾਂ ਦੇ।
ਢਿੱਡ ਭਰਦੇ ਨੇ ਸਰਕਾਰਾਂ ਦੇ।

**ਗੁਰਸੁਖਮਨਜੋਤ ਕੌਰ**

# ਦੇਸ ਲਈ ਮਰ ਮਿਟ ਜਾਵਾਂਗੇ।

ਗੁਰੂਆਂ ਪੀਰ ਪੈਗੰਬਰਾਂ ਦੇ ਦੱਸੇ ਰਸਤੇ ਤੇ ਚੱਲਦੇ ਜਾਵਾਂਗੇ।
ਹੱਕ ਸੱਚ ਦੀ ਰਾਖੀ ਲਈ ਸੂਲ਼ੀਆਂ ਤੇ ਚੜ੍ਹ ਕੇ ਵੀ ਮੁਸਕਾਵਾਂਗੇ।
ਅਸੀਂ ਹਾਂ ਬਾਲਕ ਭਾਰਤ ਮਾਂ ਦੇ ਗੱਲ ਪਿਆਰ ਨਾਲ ਸਮਝਾਵਾਂਗੇ।
ਭਾਵੇਂ ਅਮਨ ਪੁਜਾਰੀ ਹਾਂ ਪਰ ਦੇਸ ਲਈ ਮਿਟ ਜਾਵਾਂਗੇ।
ਨਫ਼ਰਤ, ਈਰਖਾ ਵੈਰ ਵਿਰੋਧ 'ਚੋਂ ਕੀ ਖੱਟਿਆ ਕੀ ਪਾਇਆ ਏ।
ਪਿਆਰ ਮੁਹੱਬਤ ਨੇ ਹੀ ਹਮੇਸ਼ਾ ਅਮਨ ਦਾ ਦੀਪ ਜਗਾਇਆ ਏ।
ਜਾਤ ਪਾਤ ਤੇ ਧਰਮ ਮਜ਼ਬ ਦੀਆਂ ਕਦੇ ਨਾਂ ਵੰਡੀਆਂ ਪਾਵਾਂਗੇ।
ਭਾਵੇਂ ਅਮਨ ਪੁਜਾਰੀ ਹਾਂ ਪਰ ਦੇਸ ਲਈ ਮਰ ਮਿਟ ਜਾਵਾਂਗੇ।
ਮਿੱਠਿਆਂ ਬੋਲਾਂ ਨਾਲ਼ ਹਰ ਪਲ ਗੀਤ ਖੁਸ਼ੀ ਦੇ ਗਾਵਾਂਗੇ।
ਹਿੰਮਤ, ਵਿਵੇਕ ਤੇ ਹੌਂਸਲੇ ਵਾਲ਼ੀ ਨਵੀਂ ਮਸ਼ਾਲ ਜਗਾਵਾਂਗੇ।
ਪਰ ਭ੍ਰਿਸ਼ਟਾਚਾਰੀ, ਘੋਟਾਲੇ ਤੇ ਗਰੀਬੀ ਨੂੰ ਜੜ੍ਹੋਂ ਮੁਕਾਵਾਂਗੇ।
ਭਾਵੇਂ ਅਮਨ ਪੁਜਾਰੀ ਹਾਂ ਪਰ ਦੇਸ ਲਈ ਮਰ ਮਿਟ ਜਾਵਾਂਗੇ।
ਨਾਨਕ ਗੌਤਮ ਤੇ ਗਾਂਧੀ ਅਮਨ-ਪਾਠ ਪੜ੍ਹਾ ਗਏ ਨੇ।
ਅਣਖ ਸਿਦਕ ਤੇ ਕੌਮ ਦੇ ਰਾਖੇ ਪਿਆਰ ਨਾਲ਼ ਸਮਝਾ ਗਏ ਨੇ।
'ਮਾਨਾਂ' ਕਿਸ਼ਤੀ ਲਹਿਰਾਂ 'ਚੋਂ ਕੱਢ ਕੇ ਕੰਢੇ ਨਾਲ਼ ਮਿਲਾਵਾਂਗੇ।
ਭਾਵੇਂ ਅਮਨ ਪੁਜਾਰੀ ਹਾਂ ਪਰ ਦੇਸ ਲਈ ਮਰ ਮਿਟ ਜਾਵਾਂਗੇ।

**ਨਿਰਭੈ ਸਿੰਘ ਰਾਏ**
**ਸ.ਸ. ਮਾਸਟਰ**

## ਪੰਜਾਬੀ ਭਾਸ਼ਾ ਦੀ ਲਿਪੀ

ਗੁਰਮੁਖੀ ਦਾ ਇਤਿਹਾਸ ਬਹੁਤ ਪੁਰਾਣਾ ਹੈ। ਇਨ੍ਹਾਂ ਨੂੰ ਲਿਖਤੀ ਰੂਪ ਵਿੱਚ ਲਿਆਉਣ ਲਈ ਪੰਜਾਬ ਵਿੱਚ ਦਰਜਨਾਂ ਲਿਪੀਆਂ ਵਿਕਸਿਤ ਹੋਈਆਂ। ਅਸ਼ੋਕ ਦੇ ਸਿਲਾਲੇਖਾਂ ਤੋਂ ਪਤਾ ਲੱਗਦਾ ਹੈ ਕਿ ਉਸ ਸਮੇਂ ਤੱਕ ਬ੍ਰਹਮੀ ਲਿਪੀ ਵਿੱਚ ਇਹ ਵੀ ਤਹਿ ਨਹੀਂ ਹੋ ਸਕਿਆ ਸੀ ਕਿ ਉਸਨੂੰ ਸੱਜਿਓ ਖੱਬੇ ਲਿਖਣਾ ਹੈ ਕਿ ਖੱਬਿਓ ਸੱਜੇ। ਪਰ ਪੰਜਾਬ ਕੋਲ ਸੰਪੂਰਨ ਲਿਪੀ ਖਰੋਸਟੀ ਸੀ। ਰ, ਛ ਆਦਿ ਆਵਾਜ਼ਾਂ ਗੰਗਾ ਵਾਦੀ ਦੇ ਸ਼ਿਲਾਲੇਖਾਂ ਵਿੱਚ ਗਾਇਬ ਹਨ ਪਰ ਖਰੋਸ਼ਟੀ ਕੋਲ ਇਹ ਵਿਕਸਿਤ ਹੋ ਚੁੱਕੀਆਂ ਸਨ।

ਵੱਖ-ਵੱਖ ਧੁਨੀਆਂ ਲਿਖਤ ਵਿੱਚ ਲਿਆਉਣ ਲਈ 2500 ਸਾਲ ਪਹਿਲਾਂ ਖਰੋਸ਼ਟੀ ਦੇ ਸਬੂਤ ਮਿਲਦੇ ਹਨ। ਉਸ ਤੋਂ ਬਾਅਦ ਸ਼ਾਰਦਾ, ਟਾਕਰੀ, ਭੱਟਸਿਰੀ. ਭੱਟ ਅੱਖਰੀ, ਦਰਜਣ ਦੇ ਕਰੀਬ ਵੱਖ-ਵੱਖ ਲੰਡੇ, ਸਿੱਧ ਮਾਤਰਕਾ, ਸ਼ਰਾਫ਼ੀ ਅਤੇ ਗੁਰਮੁੱਖੀ ਲਿਪੀ ਦਾ ਵਰਣਨ ਮਿਲਦਾ ਹੈ।

ਅਲਬਰੂਨੀ ਅਨੁਸਾਰ ਭੱਟਸਿਰੀ ਬਠਿੰਡਾ ਤੋਂ ਬਹਾਵਲਪੁਰ ਤੱਕ ਵਰਤੀ ਜਾਂਦੀ ਸੀ। ਇਸਦਾ ਇੱਕ ਨਾਂ ਅਰਧ ਨਾਗਰੀ ਵੀ ਹੈ। ਕੁਝ ਵਿਦਵਾਨ ਮੰਨਦੇ ਹਨ ਕਿ ਇਹੀ ਲਿਪੀ ਨਾਗਰੀ (ਦੇਵਨਾਗਰੀ) ਲਿਪੀ ਦਾ ਮੂਲ ਹੈ। ਪੁਰਾਤਨ ਲਿਪੀਆਂ ਵਿੱਚੋਂ ਅੱਜ ਕੇਵਲ ਗੁਰਮੁਖੀ ਬਚੀ ਹੈ (ਸ਼ਾਰਦਾ, ਟਾਕਰੀ ਅਤੇ ਮਹਾਜਨੀ ਲੰਡੇ ਆਖਰੀ ਸਾਹ ਲੈ ਰਹੇ ਨੇ। ਅੰਗਰੇਜ਼ ਇਤਿਹਾਸਕਾਰ A. P. Newton ਅਨੁਸਾਰ ਗੁਰਮੁੱਖੀ ਦੇ ਕੁੱਝ ਅੱਖਰਾਂ ਦੇ ਸਬੂਤ ਤੀਜੀ ਸਦੀ ਤੱਕ ਪੁਰਾਣੇ ਹਨ।

**ਗੁਰਦੀਪ ਸਿੰਘ**
ਲੈਕਚਰਾਰ ਕੈਮਿਸਟਰੀ

## ਨਵੀਂ ਉਡਾਰੀ

ਸੋਚ ਸਮਝ ਕੇ ਅੱਗੇ ਵਧਣ ਦੀ ਤਿਆਰੀ ਕਰੋ
ਆਓ ਮਿੱਤਰੋ ਨਵੀਂ ਉਡਾਰੀ ਭਰੋ ॥
ਬਿਨ ਮਿਹਨਤ ਰਹਿ ਜਾਂਦੀ ਹੈ ਕਹਾਣੀ ਅਧੂਰੀ
ਮਿਹਨਤ ਦੇ ਨਾਲ਼ ਕਰ ਲਓ ਪੂਰੀ।
ਚੰਗਾ ਇਨਸਾਨ ਬਣਨਾ ਸਭ ਲਈ ਹੈ ਜ਼ਰੂਰੀ
ਚਾਹੇ ਦੁਨੀਆਂ ਨਾਲ਼ ਕਿਉਂ ਨਾ ਪਾ ਲਵੋ ਦੂਰੀ ॥
ਵੱਡਿਆਂ ਦਾ ਹਮੇਸ਼ਾ ਕਰੋ ਸਤਿਕਾਰ
ਛੋਟਿਆਂ ਦੇ ਨਾਲ਼ ਕਰੋ ਜੀ ਪਿਆਰ
ਸਹਾਇਤਾ ਕਰਨ ਤੋਂ ਕਦੇ ਨਾ ਕਰੋ ਇਨਕਾਰ
ਰਲ ਮਿਲ ਰਹੋ ਦੋਸਤੋ ਵਿੱਚ ਸੰਸਾਰ ॥
ਅਸੀਂ ਵੀ ਹੁਣ ਨਵੀਂ ਸੋਚ ਨੂੰ ਅਪਣਾਵਾਂਗੇ
ਆਪਣਾ ਸੋਹਣਾ ਤੇ ਸਫ਼ਲ ਜੀਵਨ ਬਣਾਵਾਂਗੇ
ਹਮੇਸ਼ਾ ਜਿੱਤਾਂਗੇ ਤੇ ਹਾਰ ਤੋਂ ਨਾ ਘਬਰਾਵਾਂਗੇ
ਇੱਕ ਦਿਨ ਚੰਗੇ ਮਨੁੱਖ ਅਸੀਂ ਵੀਂ ਕਹਾਵਾਂਗੇ॥
ਆਪਣੇ ਦੇਸ ਲਈ ਜੀਵੋ ਤੇ ਮਰੋ।
ਆਓ ਮਿੱਤਰੋ ਨਵੀਂ ਉਡਾਰੀ ਭਰੋ।

**ਸੁਖਵਿੰਦਰ ਕੌਰ**
+2J

## ਪਾਣੀ

ਪਾਣੀ ਦੇ ਵਿੱਚ ਸ੍ਰਿਸ਼ਟੀ ਰਚੀ,
ਕੁਦਰਤ ਦੇ ਵਿੱਚ ਪਾਣੀ
ਇਸ ਪਾਣੀ ਨੇ ਸਭ ਕੁਝ ਦਿੱਤਾ,
ਕਰਜ਼ਦਾਰ ਹੈ ਪ੍ਰਾਣੀ
ਪਵਨ ਗੁਰੂ ਪਾਣੀ ਪਿਤਾ
ਲਿਖਿਆ ਵਿੱਚ ਗੁਰਬਾਣੀ
ਖਿਆਲ ਕਰੋ ਇਸ ਸੋਹਣੇ ਜਲ ਦਾ,
ਨਹੀਂ ਜੀ ਸਕਦੇ ਬਿਨ ਪਾਣੀ ।

**ਜਸ਼ਨਪ੍ਰੀਤ ਕੌਰ**
+ 1 'C' ਵੋਕੇਸ਼ਨਲ

# ਅਧਿਆਪਕ

ਗੁਰੂ ਹੁੰਦੇ ਰੱਬ ਸਮਾਨ
ਇਹਨਾਂ ਨੂੰ ਸੌ-ਸੌ ਪ੍ਰਣਾਮ ।
ਅਧਿਆਪਕ ਬੱਚਿਆਂ ਨੂੰ ਪੜ੍ਹਾਉਂਦੇ,
ਹਰ ਇੱਕ ਨੂੰ ਚੰਗੀਆਂ ਗੱਲਾਂ ਸਿਖਾਉਂਦੇ,
ਇਹ ਤਾਂ ਹੁੰਦੇ ਗਿਆਨ ਦਾ ਸਾਗਰ,
ਬੱਚਿਆਂ ਨੂੰ ਪਾਉਂਦੇ ਚੰਗੇ ਮਾਰਗ।
ਬੁਰਾ ਨਾ ਬੋਲੋ ਇਹਨਾਂ ਨੂੰ ਮੁੱਖੋਂ,
ਹਰ ਇੱਕ ਗੱਲ ਇਹਨਾਂ ਦੀ ਸਿੱਖੋ।
ਹਰ ਗੱਲ ਇਹਨਾਂ ਦੀ ਗਿਆਨ ਵਧਾਉਂਦੀ,
ਜੋ ਅੱਗੇ ਜ਼ਿੰਦਗੀ ਦੇ ਵਿੱਚ ਕੰਮ ਹੈ ਆਉਂਦੀ।
ਕਦੇ ਨਾ ਭੁੱਲੋ ਇਹਨਾਂ ਦਾ ਅਹਿਸਾਨ,
ਸਿੱਖਿਆ-ਕਿੱਤਾ ਬਹੁਤ ਮਹਾਨ,
ਵਿਦਿਆਰਥੀਆਂ ਨੂੰ ਪੜ੍ਹਾ ਕੇ
ਹੁੰਦੇ ਖੁਸ਼ੀ ਵਿੱਚ ਖੀਵੇ,
ਵੰਡਦੇ ਸਦਾ ਨੇ ਗਿਆਨ ਦੇ ਦੀਵੇ।
ਜ਼ਿੰਦਗੀ ਦੇ ਵਿੱਚ ਕੁੱਝ ਕਰਕੇ ਵਿਖਾਉਣਾ,
ਅਧਿਆਪਕਾਂ ਦਾ ਨਾਂ ਅਸੀਂ ਚਮਕਾਉਣਾ।

**ਜਸ਼ਨਪ੍ਰੀਤ ਕੌਰ**
+ 1 'C' ਵੋਕੇਸ਼ਨਲ

# ਬਾਪੂ

ਉਹ ਤਕਲੀਫ਼ 'ਚ ਹੋ ਕੇ ਵੀ ਹੱਸਦਾ ਹੈ
ਆਪ ਦੁੱਖ ਸਹਿ ਕੇ ਮੈਨੂੰ ਖੁਸ਼ ਰੱਖਦਾ ਹੈ
ਕਿਵੇਂ ਮੁੱਲ ਮੋੜਾ ਮੈਂ ਆਪਣੇ ਬਾਪੂ ਦਾ
ਜਿਹਦੇ ਵਿੱਚ ਮੇਰਾ ਜਹਾਨ ਵੱਸਦਾ ਹੈ।
ਬਾਪੂ ਤਾਂ ਸਾਡੇ ਘਰ ਦੀ ਸ਼ਾਨ ਐ
ਮੇਰੇ ਸਿਰ ਤੇ ਜਿਹਦੇ ਅਹਿਸਾਨ ਐ
ਕੀ ਲਿਖਾ ਮੈਂ ਤੇਰੇ ਬਾਰੇ ਬਾਪੂ
ਤੇਰੇ ਕਰਕੇ ਤਾਂ ਮੇਰੀ ਪਹਿਚਾਨ ਐ

**ਸ਼ਹਿਨਾਜ਼ ਸੰਧੂ ਅਤੇ ਦੀਕਸ਼ਾ ਸ਼ਰਮਾ**
ਜਮਾਤ - ਨੌਵੀਂ (ਏ)



# ਚੰਨ - ਤਾਰੇ

ਚੰਨ - ਤਾਰੇ ਬੜੇ ਪਿਆਰੇ
ਇਨ੍ਹਾਂ ਤੋਂ ਜਾਵਾਂ ਬਲਿਹਾਰੇ
ਅੰਬਰ ਉੱਤੇ ਚਮਕਦੇ ਦੇਖੋ ਨਜ਼ਾਰੇ।
ਰਾਤ ਪਈ ਤੇ ਚਮਕਦੇ
ਮੇਰਾ ਜੀਅ ਕਰਦਾ ਇਨ੍ਹਾਂ ਕੋਲ ਜਾਵਾਂ
ਨਾਲ ਰਲਕੇ ਇਨ੍ਹਾਂ ਦੇ ਗੀਤ ਗਾਵਾਂ
ਚੰਨ - ਤਾਰੇ ਬੜੇ ਪਿਆਰੇ
ਜਦੋਂ ਨਿੱਕਲਣ ਤਾਂ ਫੁੱਲਾਂ ਵਰਗੇ ਲਗਦੇ,
ਪਿਆਰੇ-2 ਸੋਹਣੇ ਕਿੰਨੇ ਫੱਬਦੇ।
ਚੰਨ - ਤਾਰੇ ਬੜੇ ਪਿਆਰੇ
ਛੁਪਦੇ ਨੇ ਤਾ ਬੱਦਲਾਂ ਓਹਲੇ
ਭੇਦ ਇਹਨਾਂ ਦੇ ਕਿਹੜਾ ਖੋਲ੍ਹੇ
ਇਹਨਾਂ ਤੋਂ ਸਿੱਖੀਏ
ਇੱਕ ਮੁੱਠ ਹੋ ਕੇ ਰਹਿਣਾ
ਚੰਨ ਤਾਰੇ ਬੜੇ ਪਿਆਰੇ
ਪਰ ਦਿਨ ਚੜ੍ਹਦੇ ਨੂੰ ਨਜ਼ਰ ਨਾ ਆਂਦੇ
ਦਿਨ ਵੇਲੇ ਇਹ ਕਿੱਥੇ ਜਾਂਦੇ?
ਦੇਖ ਇਨ੍ਹਾਂ ਨੂੰ ਭੁੱਲ ਜਾਂਦੇ ਦੁੱਖ ਸਾਰੇ
ਚੰਨ ਤਾਰੇ ਬੜੇ ਪਿਆਰੇ।

**ਹਰਸ਼ਦੀਪ ਕੌਰ**
Class – 8th C
Roll No. 9

## ਮੇਰੀ ਮਾਂ

ਮਾਂ ਤਾਂ ਬੱਚਿਓ ਮਾਂ ਹੁੰਦੀ ਏ,
ਰੁੱਖ ਦੀ ਠੰਢੀ ਛਾਂ ਹੁੰਦੀ ਏ,
ਰੱਬ ਤੋਂ ਪਹਿਲਾਂ ਮਾਂ ਹੁੰਦੀ ਏ।
ਬੱਚਿਆਂ ਦਾ ਜਹਾਂ ਹੁੰਦੀ ਏ,
ਮਾਂ ਤਾਂ ਬੱਚਿਓ ਮਾਂ ਹੁੰਦੀ ਏ,
ਸੱਚ ਝੂਠ ਦਾ ਫ਼ਰਕ ਸਿਖਾਵੇ,
ਸੁੰਦਰ-ਸੋਹਣੀ ਦੁਨੀਆਂ ਦਿਖਾਵੇ,
ਕਿੰਨੇ ਦੁੱਖ ਹੈ ਸਹਿੰਦੀ ਮਾਂ,
ਇੱਕ ਪਲ ਨਾ ਬਹਿੰਦੀ ਮਾਂ,
ਦੁੱਖ ਤੋਂ ਦੂਰ ਹੈ ਰੱਖਦੀ ਮਾਂ,
ਬੜੇ ਪਿਆਰ ਨਾਲ਼ ਤੱਕਦੀ ਮਾਂ,
ਸੱਟ ਲੱਗਣ ਤੇ ਭੱਜੀ ਆਵੇ,
ਫੂਕ ਮਾਰ ਕੇ ਦੁੱਖ ਮਿਟਾਵੇ,
ਚਾਚੀ, ਮਾਸੀ ਲੱਖ ਪਈ ਹੋਵੇ,
ਮਾਂ ਹੁੰਦਿਆਂ ਟੁੱਕ ਕਾਂ ਨਾ ਖੋਵੇ,
ਰੁੱਖ ਦੀ ਠੰਢੀ ਛਾਂ ਹੁੰਦੀ ਏ।
ਮਾਂ ਤਾਂ ਆਖਰ ਮਾਂ ਹੁੰਦੀ ਏ।

**ਰਾਜਵੀਰ ਕੌਰ**
ਕਲਾਸ - + 1



## ਬਾਪੂ

ਬਾਪੂ ਕੀ ਲਿਖਾਂ ਮੈਂ ਤੇਰੇ ਬਾਰੇ
ਮੇਰੀ ਕਲਮ ਚ ਐਨੀ ਜਾਨ ਨਹੀਂ
ਤੇਰੀ ਕੀਤੀ ਮਿਹਨਤ ਨੂੰ ਅੱਖਰਾਂ ਵਿੱਚ ਦੱਸ ਨਹੀਂ ਸਕਦੀ
ਮੈਂ ਐਨੀ ਵੀ ਗਿਆਨਵਾਨ ਨਹੀਂ
ਸਾਡੇ ਲਈ ਕਮਾਉਂਦਾ ਤੂੰ
ਆਪਣੇ ਚਾਅ ਮਾਰ ਗਿਆ
ਤੂੰ ਕਿੰਨਾ ਮਹਾਨ ਐਂ ਬਾਪੂ
ਸਾਡੇ ਸੁਪਨੇ ਪੂਰੇ ਕਰਦਾ
ਤੂੰ ਹਰ ਇੱਕ ਦੁੱਖ ਸਹਾਰ ਗਿਆ
ਤੂੰ ਹਰ ਇੱਕ ਦੁੱਖ ਸਹਾਰ ਗਿਆ
ਤੂੰ ਸਾਰਿਆਂ ਨਾਲੋਂ ਵਧ ਕੇ ਕੀਤਾ
ਪਰ ਕਦੇ ਜਤਾਇਆ ਨਹੀਂ
ਸਾਡੀ ਹਰ ਇੱਕ ਖੁਆਇਸ਼ਾਂ ਪੂਰੀਆਂ ਕੀਤੀਆਂ
ਤੇਰੇ ਹੁੰਦੇ ਸਾਡੀ ਅੱਖ 'ਚ ਪਾਣੀ ਕਦੇ ਆਇਆ ਨਹੀਂ
ਰੱਬ ਹਰੇਕ ਦੀਆਂ ਖੁਆਇਸ਼ਾਂ ਨਹੀਂ ਪੂਰੀਆਂ ਕਰ ਸਕਦਾ
ਉਹ ਨੇ ਬਾਪੂ ਵਰਗੀ ਵੱਖਰੀ ਚੀਜ਼ ਬਣਾਈ ਆ
ਸਾਡੀ ਹਨੇਰੀਆਂ ਵਰਗੀ ਜ਼ਿੰਦਗੀ ਵਿੱਚ
ਤੇਰੇ ਕਰਕੇ ਰੌਸ਼ਨੀ ਆਈ ਆ
ਬਾਪੂ ਇੱਕ ਤੇਰੇ ਕਰਕੇ ਰੌਸ਼ਨੀ ਆਈ ਆ
ਤੇਰੇ ਬਾਰੇ ਲਿਖਦਿਆਂ-ਸੋਚਦਿਆਂ ਬਾਪੂ ਹੱਥ ਮੇਰਾ ਰੁਕ ਜਾਂਦਾ
ਸਾਡੇ ਲਈ ਕੀਤੀਆਂ ਮਿਹਨਤਾਂ ਅੱਗੇ
ਸਿਰ ਅੱਜ ਵੀ ਮੇਰਾ ਝੁਕ ਜਾਂਦਾ
ਹੌਸਲਾ ਨਹੀਂ ਪੈਂਦਾ ਕਲਮ ਛੱਡਣ ਦਾ
ਨਾ ਹੀ ਵਿੱਚ ਲਿਖ ਸਕਦੀ ਜ਼ਜ਼ਬਾਤਾਂ ਦੇ
ਮੈਨੂੰ ਮਾਫ਼ ਕਰੀ ਬਾਪੂ
ਤੇਰੇ ਬਾਰੇ ਦੱਸ ਨਹੀਂ ਹੋਣਾ ਮੈਥੋ ਵਿੱਚ ਲਿਖਬਾਤਾਂ ਦੇ

**ਜਪਨੀਤ ਕੌਰ**
11 'C' ਵੋਕੇਸ਼ਨਲ

# ਮੋਬਾਇਲ ਕਿੰਨਾ ਕੁ ਜ਼ਰੂਰੀ

ਮੋਬਾਇਲ ਇੱਕ ਅਦਭੁੱਤ ਖੋਜ ਹੈ ਜਿਸਨੇ ਮਨੁੱਖੀ ਜੀਵਨ ਵਿੱਚ ਕ੍ਰਾਂਤੀ ਲਿਆ ਦਿੱਤੀ। ਸੰਸਾਰ ਦੇ ਕੋਨੇ-ਕੋਨੇ ਨੂੰ ਆਪਸ ਵਿੱਚ ਜੋੜ ਦਿੱਤਾ। ਵੀਡਿਓ ਕਾਲ, ਬਿਲ ਭਰਨੇ, ਬੈਂਕ ਖਾਤਿਆਂ 'ਚ ਲੈਣ-ਦੇਣ, ਟਿਕਟਾਂ ਬੁੱਕ ਕਰਾਉਣਾ ਆਦਿ ਸਾਰੇ ਕੰਮ ਮੋਬਾਇਲ ਤੇ ਮਿੰਟਾਂ-ਸਕਿੰਟਾਂ ਵਿੱਚ ਹੋ ਜਾਂਦੇ ਹਨ। ਇੰਟਰਨੈੱਟ ਦੀ ਮਦਦ ਨਾਲ ਮੋਬਾਇਲ ਤੇ ਹਰ ਕੰਮ ਸੰਭਵ ਹੈ। ਇਸ ਨਾਲ ਵਿਸ਼ਵੀਕਰਨ ਵਧ ਰਿਹਾ ਹੈ।

ਪਰ ਜਿੱਥੇ ਵਿਸ਼ਵੀਕਰਨ ਵਧ ਰਿਹਾ ਹੈ ਇਹ ਕੌੜਾ ਸੱਚ ਵੀ ਸਾਨੂੰ ਮੰਨਣਾ ਪਵੇਗਾ ਕਿ ਮੋਬਾਇਲ ਕਾਰਨ ਅੱਜ ਹਰ ਇਨਸਾਨ ਆਪਣੇ ਸਕੇ ਸਬੰਧੀਆਂ ਤੋਂ ਦੂਰ ਹੋ ਰਿਹਾ ਹੈ। ਉਸਨੂੰ ਇਕੱਲ ਖਾ ਰਹੀ ਹੈ। ਸਿਹਤ ਸਬੰਧੀ ਕਿਰਿਆਵਾਂ ਤੋਂ ਟੁੱਟ ਕੇ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਰਿਹਾ ਹੈ। ਨੌਜਵਾਨ ਮੋਬਾਇਲ ਦੀ ਦੁਨੀਆਂ ਵਿੱਚ ਖੋ ਕੇ ਲੱਚਰਤਾ, ਜ਼ੁਰਮ, ਨਸ਼ੇ ਤੇ ਮਾਨਸਿਕ ਪ੍ਰੇਸ਼ਾਨੀਆਂ ਦੀ ਦਲ-ਦਲ ਵਿੱਚ ਧੱਸਦੇ ਜਾ ਰਹੇ ਹਨ। ਹਕੀਕੀ ਦੁਨੀਆਂ ਨੂੰ ਭੁੱਲ ਉਹ ਮੋਬਾਇਲ ਦੀ ਵੱਖਰੀ ਹੀ ਦੁਨੀਆਂ ਵਿੱਚ ਖੋ ਗਿਆ ਹੈ। ਮੋਬਾਇਲ ਦੀ ਨਜ਼ਾਇਜ਼ ਵਰਤੋਂ ਨਾਲ ਨੌਜ਼ਵਾਨ ਧੇਲੇ ਦਾ ਨਹੀਂ ਰਹਿੰਦਾ। ਜਵਾਨੀ ਦਾ ਕੀਮਤੀ ਸਮਾਂ ਬਰਬਾਦ ਕਰ ਲੈਂਦਾ ਹੈ। ਉਸ ਲਈ ਤਾਂ ਹਾਲਾਤ ਇਹ ਬਣਦੇ ਹਨ – ਨਾ ਖੁਦਾ ਮਿਲਾ, ਨਾ ਵਿਸ਼ਾਲ-ਏ-ਸਨਮ, ਨਾ ਇਧਰ ਕੇ ਰਹੇ ਨਾ ਉਧਰ ਕੇ ਰਹੇ।

ਸਿੱਖਿਆ ਖੇਤਰ ਵਿੱਚ ਮੋਬਾਇਲ ਜਾਂ ਇੰਟਰਨੈੱਟ ਦੀ ਵਰਤੋਂ ਇੱਕ ਸਹਾਇਕ ਵਜੋਂ ਤਾਂ ਠੀਕ ਹੈ ਪਰ ਆਨ ਲਾਇਨ ਸਿੱਖਿਆ ਨੂੰ ਪਰੰਪਰਾਗਤ ਸਿੱਖਿਆ ਪ੍ਰਨਾਲ਼ੀ ਦੇ ਬਦਲ ਵੱਜੋਂ ਦੇਖਣਾ ਸਰਾਸਰ ਗ਼ਲਤ ਅਤੇ ਤਰਕਹੀਣ ਹੈ। ਅਜਿਹਾ ਕਰਨਾ ਮਾਨਵਾਦ ਨੂੰ ਖ਼ਤਮ ਕਰ ਕੇ ਮਨੁੱਖ ਨੂੰ ਇੱਕ ਮਸ਼ੀਨ ਬਣਾਉਣ ਦੀ ਗੱਲ ਹੈ। ਜੇਕਰ ਅਸੀਂ ਆਪਣੀ ਸਰੀਰਕ ਅਤੇ ਮਾਨਸਿਕ ਸਿਹਤ ਨੂੰ ਠੀਕ ਰੱਖਣਾ ਚਾਹੁੰਦੇ ਹਾਂ ਤਾਂ ਸਾਨੂੰ ਮੋਬਾਇਲ ਦੀ ਵਰਤੋਂ ਘੱਟ-ਤੋਂ ਘੱਟ ਅਤੇ ਸੀਮਤ ਕਰਨੀ ਚਾਹੀਦੀ ਹੈ।

**ਸ਼ਾਹਿਨਾਜ਼ ਸੰਧੂ**
ਨੌਵੀਂ 'ਏ'

# ਮੇਰਾ ਬਸਤਾ



ਮੇਰਾ ਬਸਤਾ ਬੜਾ ਹੀ ਪਿਆਰਾ
ਲੱਗਦਾ ਸਭ ਨੂੰ ਬੜਾ ਹੀ ਪਿਆਰਾ
ਰੰਗ ਏਸਦਾ ਚਿੱਟਾ ਸੋਹਣਾ
ਲੱਗਦਾ ਸਭ ਨੂੰ ਹੈ ਮਨਮੋਹਣਾ
ਪੈੱਨ ਕਾਪੀ ਮੈਂ ਇਸ ਵਿੱਚ ਪਾਉਂਦੀ
ਮੋਢੇ ਚੱਕ ਸਕੂਲੇ ਜਾਂਦੀ।
ਡਿਜ਼ਾਈਨ ਹੈ ਇਸ ਦਾ ਬੜਾ ਨਿਆਰਾ
ਮੰਮੀ ਮੇਰੀ ਨੇ ਆਪ ਬਣਾਇਆ
ਇਸ ਵਿੱਚ ਆਪਣਾ ਲਾਡ ਹੈ ਪਾਇਆ
ਸਦਾ ਸਾਂਭ ਕੇ ਇਸਨੂੰ ਰੱਖਾਂ
ਚੱਕਦੀ ਨਾ ਮੈਂ ਕਦੇ ਵੀ ਅੱਕਾ।
ਮੇਰਾ ਬਸਤਾ ਬੜਾ ਹੀ ਪਿਆਰਾ
ਲੱਗਦਾ ਸਭ ਨੂੰ ਬੜਾ ਹੀ ਪਿਆਰਾ।

**ਹਰਲੀਨ ਕੌਰ**
+ 2 'D'

## ਦੁਨੀਆਂ ਚਾਰ ਦਿਨਾਂ ਦਾ ਮੇਲਾ

ਇਹ ਦੁਨੀਆਂ ਚਾਰ ਦਿਨਾਂ ਦਾ ਮੇਲਾ
ਮੇਲੇ ਵਿੱਚ ਭੁੱਲ ਜਾਣਾ ਏ
ਨਾ ਪੈਸਾ, ਨਾ ਦੋਸਤ, ਨਾ ਸ਼ੋਹਰਤ
ਨਾਲ ਲਿਜਾਣਾ ਏ।
ਇਹ ਦੁਨੀਆਂ ਚਾਰ ਦਿਨਾਂ ਦਾ ਮੇਲਾ
ਮੇਲੇ ਵਿੱਚ ਭੁੱਲ ਜਾਣਾ ਏ
ਕਦਰਾਂ - ਕੀਮਤਾਂ ਤੁਹਾਡੀਆਂ ਨੇ
ਤੁਹਾਨੂੰ ਪਾਰ ਲੰਘਾਉਣਾ ਏ।
ਊਚ - ਨੀਚ ਤੇ ਹੰਕਾਰ ਸਭ
ਰਾਖ ਹੋ ਜਾਣਾ ਏ।
ਇਹ ਦੁਨੀਆਂ ਚਾਰ ਦਿਨਾਂ ਦਾ ਮੇਲਾ ।
ਕਦਰ ਸਮੇਂ ਦੀ ਜੇ ਨਾ ਕੀਤੀ ਤਾਂ
ਸਮੇਂ ਨੇ ਕਿਉਂ ਹਮਦਰਦੀ ਦਿਖਾਉਣੀ ਏ।
ਪਛਤਾਵਾ ਪੱਲੇ ਰਹਿ ਜਾਣਾ,
ਨਾ ਵਕਤ ਬਦਲ ਕੇ ਆਉਣਾ ਏ।
ਇਹ ਦੁਨੀਆਂ ਚਾਰ ਦਿਨਾਂ ਦਾ ਮੇਲਾ ।
ਜਿੰਦਗੀ ਦੀ ਸੱਚਾਈ ਐ ਇਹ
ਮਹਿਮੀ ਦੀ ਲਿਖਤ ਲਿਖਾਈ ਆ ਇਹ।
ਗੱਲਾਂ ਸੱਚੀਆਂ ਜ਼ਿੰਦਗੀ ਦੀਆਂ,
ਭਾਵੇਂ ਕੌੜੀ ਸਚਾਈ ਆ ਇਹ।

**ਮਿਸ ਮਹਿਮੀ ਤੇ ਈਸ਼ਾ ਰਾਣੀ**
+2 ਐਫ

## ਰੁੱਖ



ਆਓ ਸਾਰੇ ਰਲ ਮਿਲ਼ ਰੁੱਖ ਲਗਾਈਏ,
ਆਪਣਾ ਸੰਸਾਰ ਸੋਹਣਾ ਬਣਾਈਏ।
ਦਿੰਦੇ ਸਾਨੂੰ ਫ਼ਲ, ਫੁੱਲ ਤੇ ਪਾਣੀ
ਰੁੱਖ ਨਹੀਂ ਤਾਂ ਖਤਮ ਕਹਾਣੀ
ਇਸ ਲਈ ਅਸੀਂ ਵੀ ਥੋੜਾ ਕਸ਼ਟ ਕਮਾਈਏ
ਆਓ ਰਲ ਮਿਲ ਰੁੱਖ ਲਗਾਈਏ ॥
ਦਿੰਦੇ ਸਾਨੂੰ ਲੱਕੜ ਹਵਾ ਛਾਂ ਤੇ ਆਕਸੀਜਨ
ਇਹਨਾਂ ਨਾਲ ਹੀ ਹੈ ਸਫ਼ਲ ਜੀਵਨ
ਲਾਲਚ ਲਈ ਨਾ ਧਰਤੀ ਰਵਾਈਏ
ਆਓ ਰਲ਼-ਮਿਲ਼ ਰੁੱਖ ਲਗਾਈਏ ॥
ਧਰਤੀ ਦੇ ਇਹ ਫੇਫੜੇ ਕਹਾਉਂਦੇ।
ਕਿਉਂ ਨਹੀਂ ਰੁੱਖ ਸਾਰੇ ਲਾਉਂਦੇ
ਧਰਤੀ ਮਾਂ ਨੂੰ ਹਰਾ ਭਰਾ ਬਣਾਈਏ
ਆਓ ਰਲ਼-ਮਿਲ਼ ਰੁੱਖ ਲਗਾਈਏ ॥

**ਸੁਖਵਿੰਦਰ ਕੌਰ**
+ 2 ਜੇ

## ਕੌਣ

ਮੀਡੀਆ ਵੀ ਵਿੱਕ ਗਿਆ,
ਸੱਚ ਵਿਖਾਏਗਾ ਕੌਣ?
ਕਲਮ ਵੀ ਜੇ ਗੁਲਾਮ ਹੋਈ,
ਸੱਭਿਆਚਾਰ ਬਚਾਏਗਾ ਕੌਣ?
ਤੇਰਾ ਖਾਲਸਾ ਖਾਲਸ ਨਾ ਰਿਹਾ,
ਪੁੱਤ ਨੀਹਾਂ 'ਚ ਚਿਣਵਾਏਗਾ ਕੌਣ?
ਜ਼ਿੰਦਗੀ ਦੀ ਕੀਮਤ ਜੇ ਲੱਗੀ,
ਮੌਤ ਖਰੀਦਣ ਆਏਗਾ ਕੌਣ?
ਜਿਸਮਾਂ ਦੀ ਏਨੀ ਭੁੱਖ ਲੱਗੀ,
ਇਸ਼ਕ ਹਕੀਕੀ ਕਮਾਏਗਾ ਕੌਣ?
ਤੇਰੇ ਜਿਹਾ ਖੁਦਗਰਜ਼ਾਂ ਨੂੰ,
ਵਫਾ ਦਾ ਪਾਠ ਪੜ੍ਹਾਏਗਾ ਕੌਣ?
ਖੁਦਾ ਅਗਰ ਤੈਅ ਹੈ
ਮਰ ਕੇ ਮਿਲੇਂਗਾ ਤੂੰ,
ਫਿਰ ਜੀਣਾ ਚਾਹੇਗਾ ਕੌਣ?
ਜੇ ਪਤਾ ਹੋਵੇ ਗਮਾਂ ਨੇ
ਸਾਥ ਨਿਭਾਉਣਾ,
ਖੁਸ਼ੀਆਂ ਨੂੰ ਕੋਲ
ਬਿਠਾਏਗਾ ਕੌਣ?

**ਬਨਮੀਤ ਕੌਰ**
ਕਲਾਸ +1 F



## ਬਾਪੂ

ਬਾਪੂ ਤਾਂ ਸੂਰਜ ਵਰਗਾ ਲੱਗਦਾ ਏ।
ਜੇ ਨਾ ਹੋਵੇ ਤਾ ਹਨੇਰਾ ਜਿਹਾ ਲੱਗਦਾ ਏ।
ਬਾਪੂ ਨਾਲ਼ ਹੋਵੇ ਤਾਂ ਹਰ ਮੁਸ਼ਕਿਲ ਵੀ ਛੋਟੀ ਲੱਗਦੀ ਏ।
ਜੇ ਨਾ ਹੋਵੇ ਤਾਂ ਛੋਟੀ ਮੁਸ਼ਕਿਲ ਵੀ ਛੱਡੀ ਲੱਗਦੀ ਏ।
ਬਾਪੂ ਹੋਵੇ ਤਾਂ ਜ਼ਹਾਜ਼ ਲੈਣ ਨੂੰ ਵੀ ਜੀਅ ਕਰਦਾ ਏ,
ਜੇ ਨਾ ਹੋਵੇ ਤਾਂ ਜ਼ਿੰਮੇਵਾਰੀਆਂ ਪੈਣ ਕਰਕੇ
ਪੈਸਾ ਖਰਚਣ ਨੂੰ ਵੀ ਜੀਅ ਨਹੀਂ ਕਰਦਾ ਏ।
ਬਾਪੂ ਮੇਰੀ ਮੂੰਹ'ਚੋਂ ਨਿਕਲੀ ਗੱਲ ਪੂਰੀ ਕਰ ਦਿੰਦਾ ਏ,
ਪਰ ਮੈਂ ਬਾਪੂ ਦੀ ਕਹੀ ਗੱਲ ਪੂਰੀ ਕਰਨ ਜੋਗਾ ਅਜੇ ਹੋਣਾ ਏ।
ਬਾਪੂ ਹਰ ਮਹਿਸੂਸ ਹੋਣ ਵਾਲੀ ਕਮੀ ਪੂਰੀ ਕਰ ਸਕਦਾ ਏ,
ਪਰ ਬਾਪੂ ਦੀ ਕਮੀ ਕੋਈ ਪੂਰੀ ਨਹੀਂ ਕਰ ਸਕਦਾ ਏ।
ਬਾਪੂ ਜਦੋਂ ਸਿਖ਼ਰ ਦੁਪਹਿਰੇ ਧੁੱਪ ਵਿੱਚ ਤਪਦਾ ਹੁੰਦਾ ਏ,
ਮੇਰੇ ਅੱਖਾਂ'ਚੋਂ ਹੰਝੂ ਆਉਂਦਾ ਹੁੰਦਾ ਏ।

**ਲਛਮੀ ਦੇਵੀ**
11 'C'
ਵੋਕੇਸ਼ਨਲਰੋਲ ਨੰ: 11

# ਸਾਡੇ ਪ੍ਰਿੰਸੀਪਲ

ਪ੍ਰਿੰਸੀਪਲ ਦਾ ਅਹੁਦਾ ਕੋਈ ਫੁੱਲਾਂ ਦੀ ਸੇਜ਼ ਨਹੀਂ। ਸੰਸਥਾ ਦੀਆਂ ਸਾਰੀਆਂ ਜਿੰਮੇਵਾਰੀਆਂ ਨੂੰ ਨਿਭਾਉਣਾ ਕਿਸੇ ਹਾਰੀ-ਸਾਰੀ ਦੇ ਵਸ ਦੀ ਗੱਲ ਨਹੀਂ। ਇਸ ਅਹੁਦੇ ਦਾ ਮਾਲਕ ਜਾਂ ਤਾਂ ਜਿੰਮੇਵਾਰੀਆਂ ਦੇ ਭਾਰ ਨਾਲ ਚਿੜਚਿੜੇ ਅਤੇ ਰੁੱਖੇ ਸੁਭਾਅ ਦਾ ਹੋ ਜਾਂਦਾ ਹੈ ਜਾਂ ਬਹੁਤ ਘੁਮੰਡੀ। ਪਰ ਮੈਨੂੰ ਇਹ ਲਿਖਦਿਆਂ ਬੇਹੱਦ ਮਾਣ ਤੇ ਖੁਸ਼ੀ ਹੋ ਰਹੀ ਹੈ ਕਿ ਸਾਡੇ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਰੋਮਿਲ ਮਹਿਤਾ ਜੀ ਖੁਸ਼ਮਿਜਾਜ਼ ਤੇ ਨਿਮਰ ਸੁਭਾਅ ਦੇ ਮਾਲਕ ਹਨ। ਵੱਡੀ ਗਿਣਤੀ ਵਿੱਚ ਸਕੂਲ ਸਟਾਫ ਦੇ ਸਾਰੇ ਮੈਂਬਰ ਉਹਨਾਂ ਤੋਂ ਬਹੁਤ ਖੁਸ਼ ਹਨ। ਉਹ ਹਰ ਕਿਸੇ ਨਾਲ ਨਰਮਾਈ ਤੇ ਅਦਬ ਨਾਲ ਪੇਸ਼ ਆਉਂਦੇ ਹਨ ਜਿਸ ਕਰਕੇ ਹਰ ਵਿਅਕਤੀ ਆਪਣੇ ਫਰਜ਼ ਨੂੰ ਤਨੋਂ-ਮਨੋਂ ਨੇਪਰੇ ਚਾੜ੍ਹਦੇ ਹਨ। ਆਪ ਜੀ ਇਮਾਨਦਾਰੀ, ਸਿਆਣਪ ਤੇ ਸੁਹਿਰਦਤਾ ਦੇ ਮੁਜੱਸਮਾ ਹਨ। ਆਪ ਜੀ ਦੀ ਦੂਰਅੰਦੇਸ਼ੀ ਤੇ ਮਿਹਨਤ ਸਦਕਾ ਸਾਡਾ ਸਕੂਲ ਬੁਲੰਦੀਆਂ ਨੂੰ ਛੂਹ ਰਿਹਾ ਹੈ। ਆਪ ਜੀ ਦਾ ਹਰ ਕੰਮ, ਵਿਦਿਆਰਥੀਆਂ ਦੀ ਭਲਾਈ ਤੇ ਤਰੱਕੀ 'ਤੇ ਕੇਂਦਰਿਤ ਹੁੰਦਾ ਹੈ। ਆਪ ਜੀ ਦੇ ਆਉਣ ਨਾਲ ਸਕੂਲ ਵਿੱਚ ਬਹੁਤ ਸਾਰੇ ਗੁਣਾਤਮਕ ਸੁਧਾਰ ਹੋਏ ਹਨ। ਆਪ ਦੁਆਰਾ ਵਿਦਿਆਰਥੀਆਂ ਨੂੰ ਅਨੁਸ਼ਾਸ਼ਨ ਤੇ ਬਿਹਤਰੀ ਲਈ ਦਿੱਤੀ ਜਾਣ ਵਾਲੀ ਸਿੱਖਿਆ ਬਹੁਤ ਪ੍ਰਭਾਵਸ਼ਾਲੀ ਹੁੰਦੀ ਹੈ। ਵਿਦਿਆਰਥੀਆਂ ਨੂੰ ਹਰ ਛੋਟੀ-ਵੱਡੀ ਸਫਲਤਾ 'ਤੇ ਉਤਸ਼ਾਹਿਤ ਅਤੇ ਸਨਮਾਨਿਤ ਕਰਦੇ ਹਨ। ਸਾਨੂੰ ਪੌਦਿਆਂ ਅਤੇ ਵਾਤਾਵਰਨ ਦੀ ਸੰਭਾਲ਼ ਲਈ ਪ੍ਰੇਰਤ ਕਰਦੇ ਰਹਿੰਦੇ ਹਨ। ਉੱਚੀ-ਸੁੱਚੀ ਸੋਚ ਦੇ ਮਾਲਕ ਹੋਣ ਦੇ ਨਾਤੇ ਆਪ ਜੀ ਨਕਲ ਦੇ ਖਿਲਾਫ਼ ਹਨ ਅਤੇ ਸਾਨੂੰ ਨਕਲ ਦੀ ਥਾਂ ਮਿਹਨਤ ਕਰਨ ਦੀ ਸਿੱਖਿਆ ਦਿੰਦੇ ਹਨ। ਬੱਚਿਆਂ ਨੂੰ ਚੰਗੀਆਂ ਗੱਲਾਂ ਦੱਸਣਾ ਉਹਨਾਂ ਨੂੰ ਪਿਆਰ ਕਰਨਾ ਅਤੇ ਉਹਨਾਂ ਦੀਆਂ ਸਮੱਸਿਆਵਾਂ ਹੱਲ ਕਰਨਾ ਆਪ ਜੀ ਦਾ ਨਿੱਤਨੇਮ ਹੈ। ਉਹ ਬੱਚਿਆਂ ਨੂੰ ਔਖੇ ਸਮੇਂ ਦਾ ਸਾਹਮਣਾ ਹੱਸ ਕੇ ਕਰਨਾ ਸਿਖਾਉਂਦੇ ਹਨ। ਜਿਸ ਨਾਲ ਵਿਦਿਆਰਥੀ ਹਰ ਮੁਸ਼ਕਿਲ ਦਾ ਖੁਸ਼ੀ ਨਾਲ ਸਾਹਮਣਾ ਕਰਨ ਦੇ ਯੋਗ ਹੋ ਜਾਂਦੇ ਹਨ।

ਅਸੀਂ ਸਾਰੇ ਅਤੇ ਸਾਡਾ ਸਕੂਲ ਖੁਸ਼ੁਕਿਸਮਤ ਹਾਂ ਕਿ ਜਿਨ੍ਹਾਂ ਨੂੰ ਇੱਕ ਉੱਚੀ-ਸੁੱਚੀ ਮਿਹਨਤੀ ਤੇ ਇਮਾਨਦਾਰ ਸ਼ਖ਼ਸੀਅਤ ਵਾਲ਼ੇ ਪ੍ਰਿੰਸੀਪਲ ਰੂਪੀ ਗੁਰੂ ਨਸੀਬ ਹੋਏ ਹਨ।

ਦੀਆ
ਜਮਾਤ 10-ਏ

# ਵਰਖਾ

ਛਮ-ਛਮ ਕਰਦੀ ਆਈ ਵਰਖਾ,
ਹਰਿਆਲੀ ਥਾਂ ਥਾਂ ਲਿਆਈ ਵਰਖਾ ।
ਖੁਸ਼ੀ 'ਚ ਫਸਲਾਂ ਝੂਮਣ ਲੱਗੀਆਂ,
ਫੁੱਲਾਂ 'ਚ ਮਹਿਕ ਲਿਆਈ ਵਰਖਾ ।
ਬਿਜਲੀ ਗਰਜੀ ਚਮਕਿਆ ਅੰਬਰ,
ਸਤਰੰਗੀ ਪੀਂਘ ਚੜ੍ਹਾਈ ਵਰਖਾ ।
ਚਿੜੀਆਂ ਚੀਂ-ਚੀਂ ਕੋਇਲ ਦੀ ਕੂ ਕੂ,
ਮੋਰਾਂ ਨੂੰ ਜਾਵੇ ਨਚਾਈ ਵਰਖਾ ।
ਬੱਚੇ ਵੀ ਹੁਣ ਨੱਚਣ ਕੁੱਦਣ,
ਜਾਵੇ ਪਿਆਸ ਬੁਝਾਈ ਵਰਖਾ ।

**ਕੋਮਲ ਰਾਣੀ** D/ o ਗੌਤਮ
ਸੱਤਵੀਂ 'ਸੀ'

## ਪ੍ਰੀਖਿਆ ਵਿੱਚ ਨਕਲ

ਪੁਰਾਣੇ ਸਮਿਆਂ ਵਿੱਚ ਅਧਿਆਪਕ ਕਹਿੰਦੇ ਸਨ 'ਨਕਲ ਕਰਨਾ ਪਾਪ ਹੈ' ਤਾਂ ਬੱਚੇ ਯਾਦ ਰੱਖਦੇ ਸਨ ਕਿ ਜੇ ਨਕਲ ਕਰਾਂਗੇ ਤਾਂ ਸਮਝੋ ਪਾਪ ਕਰਾਂਗੇ ਤੇ ਬੱਚੇ ਨਕਲ ਨਹੀਂ ਸੀ ਕਰਦੇ। ਸਗੋਂ ਸਾਰਾ ਸਾਲ ਰੱਜ-ਰੱਜ ਪੜ੍ਹਾਈਆਂ ਕਰਕੇ ਚੰਗੀ ਸਿੱਖਿਆ ਗ੍ਰਹਿਣ ਕਰਦੇ ਸਨ। ਪਰ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਅੱਜ ਵਿਦਿਆਰਥੀਆਂ ਦਾ ਨੈਤਿਕ ਪੱਧਰ ਨੀਵਾਂ ਹੁੰਦਾ ਜਾ ਰਿਹਾ ਹੈ। ਅੱਜ ਤਾਂ ਨਕਲ ਇੱਕ ਫੈਸ਼ਨ ਹੀ ਬਣਦਾ ਜਾ ਰਿਹਾ ਹੈ। ਇਮਤਿਹਾਨ ਛੋਟਾ ਹੋਵੇ ਜਾਂ ਵੱਡਾ ਨਕਲ ਦੇ ਨਵੇਂ-ਨਵੇਂ ਤਰੀਕੇ ਅਪਣਾਏ ਜਾ ਰਹੇ ਹਨ। ਹਰ ਕਮਜ਼ੋਰ ਤੇ ਕਈ ਹੁਸ਼ਿਆਰ ਵਿਦਿਆਰਥੀ ਵੀ ਇਸਦੇ ਸ਼ਿਕਾਰ ਹੁੰਦੇ ਜਾ ਰਹੇ ਹਨ। ਸਿੱਖਿਆ ਪ੍ਰਨਾਲੀ ਨੂੰ ਦਰਪੇਸ਼ ਇਹ ਇੱਕ ਗੰਭੀਰ ਤੇ ਬੇਹੱਦ ਖਤਰਨਾਕ ਚੁਣੌਤੀ ਹੈ। ਕਹਿੰਦੇ ਨੇ'ਨਕਲ ਗਵਾਏ ਅਕਲ'; ਜਿੱਥੇ ਇਹ ਵਿਦਿਆਰਥੀ ਨੂੰ ਅਪਾਹਜ਼ ਬਣਾਉਂਦੀ ਹੈ, ਉੱਥੇ ਹੀ ਦੇਸ਼ ਦੇ ਭਵਿੱਖ ਨੂੰ ਹਨੇਰੇ ਵਿੱਚ ਧੱਕਣ ਵਾਲਾ ਕੰਮ ਕਰਦੀ ਹੈ।

ਦੁੱਖ ਤਾਂ ਇਸ ਗੱਲ ਦਾ ਹੈ ਕਿ ਅੱਜ ਕਈ ਅਧਿਆਪਕ ਵੀ ਆਪਣੇ ਵਿਦਿਆਰਥੀਆਂ ਨੂੰ ਨਕਲ ਰੂਪੀ ਮਿੱਠਾ ਜ਼ਹਿਰ ਆਪਣੇ ਹੱਥੀਂ ਦੇ ਰਹੇ ਹਨ। ਪ੍ਰੀਖਿਆ ਵਿੱਚ ਖੁੱਲ੍ਹ ਦਿੰਦੇ ਹਨ, ਜਾਲ੍ਹੀ ਅੰਕ ਲਗਾ ਦਿੰਦੇ ਹਨ, ਜਿਵੇਂ ਇਹ ਕੰਮ ਵੀ ਉਹਨਾਂ ਦੀ ਡਿਊਟੀ ਹੋਵੇ। ਕਿਉਂ ਉਹ ਵਿਦਿਆਰਥੀਆਂ ਨੂੰ ਹਨੇਰੇ ਵਿੱਚ ਰੱਖ ਰਹੇ ਹਨ? ਨਤੀਜੇ ਨੂੰ ਸ਼ਤਪ੍ਰਤੀਸ਼ਤ ਬਣਾਉਣ ਦੇ ਚੱਕਰ ਵਿੱਚ ਅੱਜ ਸਰਕਾਰਾਂ ਵੀ ਆਉਣ ਵਾਲੀ ਪੀੜ੍ਹੀ ਅਤੇ ਦੇਸ਼ ਦੇ ਭਵਿੱਖ ਦਾ ਬੇੜਾ ਗਰਕ ਕਰਨ ਤੇ ਲੱਗੀਆਂ ਹਨ। ਨਤੀਜੇ ਦੀ ਪ੍ਰਤੀਸ਼ਤਤਾ ਵਧਾਉਣ ਲਈ ਠੀਕ ਹੈ ਉਪਰਾਲੇ ਕਰਨੇ ਚਾਹੀਦੇ ਹਨ ਪਰ ਉਹ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਗੁਣਵੱਤਾ ਲਿਆ ਕੇ ਹੋਣੇ ਚਾਹੀਦੇ ਹਨ, ਨਾ ਕਿ ਬੱਚਿਆਂ ਨੂੰ ਮਿਹਨਤ ਵਾਲ਼ੇ ਪਾਸਿਓਂ ਤੋੜ ਕੇ ਨਕਲ ਤੇ ਗਲਤ ਤਰੀਕੇ ਅਪਨਾਉਣ ਵੱਲ ਲਾ ਕੇ। ਮਿਹਨਤਾਂ ਤੋਂ ਟੁੱਟੇ ਇਹ ਨੌਜ਼ਵਾਨ ਕੱਲ੍ਹ ਨੂੰ ਅਪਰਾਧੀ ਕਿਸਮ ਦੇ ਨਾਗਰਿਕ ਬਣਨਗੇ।

ਕਰੋਨਾ ਕਾਲ ਦੀਆਂ ਝੂਠੀਆਂ ਪ੍ਰੀਖਿਆਵਾਂ ਦੇ ਝੂਠੇ ਨਤੀਜਿਆਂ ਤੋਂ ਕੌਣ ਵਾਕਫ਼ ਨਹੀਂ? ਇਨ੍ਹਾਂ ਨਤੀਜਿਆਂ ਨੇ ਬੱਚਿਆਂ ਦੇ ਦਿਲ-ਦਿਮਾਗ ਵਿੱਚ ਸਿੱਖਿਆ, ਪ੍ਰੀਖਿਆ ਤੇ ਨਤੀਜਿਆਂ ਦਾ ਸੰਕਲਪ ਹੀ ਬਦਲ ਦਿੱਤਾ ਹੈ ਤੇ ਉਹ ਮਿਹਨਤਾਂ ਤੋਂ ਕੰਨੀ ਕਤਰਾਉਣ ਲੱਗ ਪਏ।

ਅਖੀਰ ਵਿੱਚ ਮੈਂ ਕਹਿਣਾ ਚਾਹਾਂਗੀ ਕਿ ਵਿਦਿਆਰਥੀਆਂ, ਅਧਿਆਪਕਾਂ ਤੇ ਮਾਪਿਆਂ ਨੂੰ ਇਸ ਨਕਲ ਰੂਪੀ ਕੋੜ੍ਹ ਨੂੰ ਮਕਾਉਣ ਲਈ ਇੱਕਜੁਟਤਾ ਤੇ ਇਮਾਨਦਾਰੀ ਨਾਲ਼ ਅੱਗੇ ਆਉਣਾ ਚਾਹੀਦਾ ਹੈ ਤਾਂ ਜੋ ਮੁਲਕ ਦੇ ਭਵਿੱਖ ਨੂੰ ਬਚਾਇਆ ਜਾ ਸਕੇ।

**ਸਿਮਰਨ ਕੌਰ**
ਗਿਆਰਵੀਂ 'ਡੀ', ਰੋਲ ਨੰ. 51

## ਕਿਰਤ

ਕਿਰਤ, ਮਿਹਨਤ, ਕਮਾਈ ਤੇ ਕਰਮ ਦਾ ਸਿਧਾਂਤ ਮਨੁੱਖੀ ਜੀਵਨ ਵਿੱਚ ਇੱਕੋ ਹੀ ਅਰਥ ਬਿਆਨ ਕਰਦਾ ਹੈ ਕਿ ਦੱਬ ਕੇ ਵਾਹ ਤੇ ਰੱਜ ਕੇ ਖਾ। ਕੁਦਰਤ ਦਾ ਨਿਯਮ ਵੀ ਮਨੁੱਖਤਾ ਨੂੰ ਇੱਕੋ ਉਪਦੇਸ਼ ਵਿੱਚ ਬੰਨ੍ਹਦਾ ਹੈ: ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ। ਕਿਰਤ ਮਨੁੱਖੀ ਜੀਵਨ ਵਿੱਚ ਬਹੁਤ ਵੱਡੀ ਵਿਸ਼ੇਸ਼ਤਾ ਰੱਖਦੀ ਹੈ। ਕਿਰਤ ਵਿੱਚ ਹੀ ਮਨੁੱਖ ਦਾ ਵਿਕਾਸ ਛੁਪਿਆ ਹੋਇਆ ਹੈ। ਇਹ ਅਜਿਹਾ ਮਨੁੱਖੀ ਕਰਮ ਹੈ ਜਿਸ ਤੋਂ ਸਾਨੂੰ ਉਤਸ਼ਾਹ ਪ੍ਰਾਪਤ ਹੁੰਦਾ ਹੈ। ਕਿਰਤ ਤੋਂ ਬਿਨ੍ਹਾਂ ਮਨੁੱਖੀ ਜੀਵਨ ਦੀ ਕੋਈ ਬੁਨਿਆਦ ਨਹੀਂ ਹੁੰਦੀ। ਕਿਰਤ ਕਰਨ ਵਾਲ਼ਾ ਮਨੁੱਖ ਸਧਾਰਨ ਹੋ ਸਕਦਾ ਹੈ ਪਰ ਬੇਗੈਰਤ ਤੇ ਲਾਚਾਰ ਨਹੀਂ ਹੋ ਸਕਦਾ। ਸਾਡੇ ਗੁਰੂਆਂ ਨੇ ਵੀ ਗੁਰਬਾਣੀ ਵਿੱਚ ਕਿਰਤ ਕਰਨ ਵਾਲ਼ੇ ਮਨੁੱਖ ਨੂੰ ਵਡਿਆਈ ਦਿੱਤੀ ਹੈ। ਕਿਰਤ ਤੋਂ ਭਾਵ ਅਸੀਂ ਮਿਹਨਤ ਦੱਸਦੇ ਹਾਂ। ਸਿਆਣੇ ਦੱਸਦੇ ਹਨ ਕਿ ਮਿਹਨਤ ਦਾ ਫ਼ਲ ਮਿੱਠਾ ਹੁੰਦਾ ਹੈ। ਮਿਹਨਤ ਦਾ ਨਤੀਜਾ ਦੇਰ ਨਾਲ ਜ਼ਰੂਰ ਪ੍ਰਾਪਤ ਹੋ ਸਕਦਾ ਹੈ ਪਰ ਜਦ ਮਿਹਨਤ ਦਾ ਫ਼ਲ ਪ੍ਰਾਪਤ ਹੁੰਦਾ ਹੈ ਉਹ ਖ਼ੁਸ਼ੀ ਬੇਮਿਸਾਲ ਹੁੰਦੀ ਹੈ। ਇਸ ਲਈ ਸਾਨੂੰ ਮਿਹਨਤ ਕਰਨ ਵਿੱਚ ਵਿਸ਼ਵਾਸ਼ ਰੱਖਣਾ ਚਾਹੀਦਾ ਹੈ। ਪ੍ਰੋ: ਪੂਰਨ ਸਿੰਘ ਜੀ ਨੇ ਕਿਰਤ ਨੂੰ ਹੀ ਸੱਚੀ ਪੂਜਾ ਕਿਹਾ ਹੈ।

**ਗੁਰਸੁਖਮਨਜੋਤ ਕੌਰ**
+1 'ਓ'

# ਵਿਦਿਆਰਥੀ ਤੇ ਅਧਿਆਪਕ ਦਾ ਰਿਸ਼ਤਾ

ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨਾ ਹੋਇ ॥
ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥

ਗੁਰੂ ਸਾਹਿਬਾਨ ਦੀ ਉਪਰੋਕ ਤੁਕ ਅਧਿਆਪਕ ਦੀ ਮਹੱਤਤਾ ਨੂੰ ਦਰਸਾਉਂਦੀ ਹੈ। ਕਬੀਰ ਜੀ ਨੇ ਗੁਰੂ ਨੂੰ ਰੱਬ ਤੋਂ ਉੱਚਾ ਦਰਜਾ ਦਿੱਤਾ ਹੈ।

ਇੱਕ ਗੁਰੂ ਅਤੇ ਵਿਦਿਆਰਥੀ ਦਾ ਰਿਸ਼ਤਾ ਬਹੁਤ ਹੀ ਪਵਿੱਤਰ ਰਿਸ਼ਤਾ ਹੈ। ਇਹ ਦੁਨੀਆਂ ਦੇ ਸਾਰੇ ਰਿਸ਼ਤਿਆਂ ਤੋਂ ਵੱਖਰੀ ਮਹਾਨਤਾ ਰੱਖਦਾ ਹੈ। ਜਿਸ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਅਧਿਆਪਕ ਵਿਦਿਆਰਥੀ ਨੂੰ ਜੀਵਨ ਦੇ ਹਰ ਪਹਿਲੂ ਤੋਂ ਜਾਣੂ ਕਰਵਾਉਂਦਾ ਹੈ। ਗੁਰੂ ਉਹ ਦੀਪਕ ਹੈ ਜੋ ਵਿਦਿਆਰਥੀ ਦੇ ਸਮੁੱਚੇ ਜੀਵਨ ਨੂੰ ਪ੍ਰਕਾਸ਼ਿਤ ਕਰ ਦਿੰਦਾ ਹੈ। ਗੁਰੂ ਉਹ ਪੌੜੀ ਹੈ ਜੋ ਵਿਦਿਆਰਥੀ ਨੂੰ ਸਫ਼ਲਤਾ ਦੀ ਮੰਜ਼ਲ ਤੱਕ ਪਹੁੰਚਾਉਂਦੀ ਹੈ। ਅਧਿਆਪਕ ਉਸਨੂੰ ਜੀਵਨ ਵਿੱਚ ਸੰਘਰਸ਼ ਕਰਨਾ ਅਤੇ ਮੁਸੀਬਤਾਂ ਨਾਲ ਲੜਨਾ ਸਿਖਾਉਂਦਾ ਹੈ। ਅਸੀਂ ਕਹਿ ਸਕਦੇ ਹਾਂ ਕਿ ਇੱਕ ਵਿਦਿਆਰਥੀ ਆਪਣੇ ਜੀਵਨ ਵਿੱਚ ਜੋ ਕੁਝ ਪ੍ਰਾਪਤ ਕਰਦਾ ਹੈ, ਉਹ ਆਪਣੇ ਅਧਿਆਪਕਾਂ ਦੀ ਬਦੌਲਤ ਹੀ ਕਰਦਾ ਹੈ। ਇਸ ਲਈ ਸਾਨੂੰ ਆਪਣੇ ਅਧਿਆਪਕਾਂ ਦਾ ਦਿਲੋਂ ਸਤਿਕਾਰ ਕਰਨਾ ਚਾਹੀਦਾ ਹੈ। ਅਧਿਆਪਕ ਵਿਦਿਆਰਥੀ ਰੂਪੀ ਕੱਚ ਨੂੰ ਤਰਾਸ਼, ਨਿਖਾਰ ਕੇ ਹੀਰਾ ਬਣਾ ਦਿੰਦਾ ਹੈ। ਵਿਦਿਆਰਥੀਆਂ ਦਾ ਫਰਜ਼ ਬਣਦਾ ਹੈ ਕਿ ਉਹ ਅਧਿਆਪਕ ਨੂੰ ਬਣਦਾ ਸਤਿਕਾਰ ਦੇਣ। ਦੁਆ ਕਰਦੀ ਹਾਂ ਕਿ ਇਹ ਰਿਸ਼ਤਾ ਹੋਰ ਵਧੇਰੇ ਪਾਕਿ-ਪਵਿੱਤਰ ਅਤੇ ਵਿਸ਼ਵਾਸ਼ ਵਾਲਾ ਬਣੇ।

**ਕਮਲੇਸ਼ ਕੁਮਾਰੀ**
+1 'ਡੀ'

# ਸ਼ਰਮਿੰਦਗੀ

ਮੇਰੀ ਜਮਾਤਣ ਸ਼ੀਲੂ ਦਾ ਅੱਜ ਜਨਮਦਿਨ ਸੀ। ਸਕੂਲ ਵਿੱਚ ਅੱਜ ਵਰਦੀ ਦੀ ਥਾਂ ਹੋਰ ਬੱਚਿਆਂ ਵਾਂਗ ਉਹ ਵੀ ਕੋਈ ਵਿਸ਼ੇਸ਼ ਪੁਸ਼ਾਕ ਪਾਉਣਾ ਚਾਹੁੰਦੀ ਸੀ। ਉਸ ਦੇ ਪੁੱਛਣ 'ਤੇ ਮੈਂ ਆਪਣੀ ਪੁਸ਼ਾਕ ਉਸਨੂੰ ਪਾਉਣ ਲਈ ਦਿੱਤੀ। ਜਮਾਤ ਦੀਆਂ ਕੁੜੀਆਂ ਨੇ ਉਸ ਦੀ ਬਹੁਤ ਤਾਰੀਫ਼ ਕੀਤੀ। ਪਤਾ ਨਹੀਂ ਇਹ ਮੇਰਾ ਹੋਛਪੁਣਾ ਸੀ ਜਾਂ ਗ਼ਲਤੀ ਨਾਲ ਮੇਰੇ ਤੋਂ ਕੁੜੀਆਂ ਨੂੰ ਕਹਿ ਹੋ ਗਿਆ ਸੀ ਕਿ ਇਹ ਪੁਸ਼ਾਕ ਮੈਂ ਇਸ ਨੂੰ ਦਿੱਤੀ ਹੈ। ਮੇਰੀ ਗੱਲ ਸੁਣ ਕੇ ਉਹ ਜਮਾਤ ਵਿੱਚ ਸ਼ਰਮਸਾਰ ਅਤੇ ਅਪਮਾਨਿਤ ਮਹਿਸੂਸ ਕਰਨ ਲੱਗੀ। ਇਹ ਦੇਖ ਕੇ ਮੈਂ ਵੀ ਬਹੁਤ ਸ਼ਰਮਿੰਦਾ ਹੋਈ, "ਮੈਨੂੰ ਕੀ ਲੋੜ ਪਈ ਸੀ ਦੱਸਣ ਦੀ? ਆਪਣੀ ਇੱਕ ਸਹੇਲੀ ਦੀ ਮਦਦ ਹੀ ਤਾਂ ਕੀਤੀ ਸੀ ਮੈਂ, ਉਸਨੂੰ ਅਪਮਾਨਤ ਕਰਕੇ ਮੈਂ ਚੰਗਾ ਕੰਮ ਨਹੀਂ ਕੀਤਾ।"

ਮੈਨੂੰ ਲੱਗਾ ਜਿਵੇਂ ਮੈਂ ਉਸਦੀ ਗ਼ਰੀਬੀ ਦਾ ਮਜ਼ਾਕ ਉਡਾਇਆ ਹੋਵੇ! ਉਸਦੀ ਖ਼ੁਸ਼ੀ ਨੂੰ ਚਕਨਾਚੂਰ ਕਰ ਦਿੱਤਾ ਸੀ ਮੈਂ। ਆਰਥਕ ਪੱਖੋਂ ਤਾਂ ਸਾਡਾ ਪਰਿਵਾਰ ਵੀ ਕੋਈ ਸਮਰੱਥ ਨਹੀਂ ਸੀ। ਮੈਨੂੰ ਸਾਡੇ ਫਾਕੇ ਕੱਟਣ ਦੇ ਦਿਨ ਯਾਦ ਆਏ। ਮੇਰਾ ਦਿਲ ਸ਼ਰਮਿੰਦਗੀ ਦੀ ਗਿਲਾਨੀ ਨਾਲ ਨੱਕੋ-ਨੱਕ ਭਰ ਗਿਆ।

**ਪ੍ਰੀਤ ਕੌਰ**
ਨੌਵੀਂ 'ਈ'

# ਖਜ਼ਾਨਾ

ਭਰਿਆ ਖਜ਼ਾਨਾ ਏ, ਤੂੰ ਖੋਲ੍ਹ ਵਰਕੇ,
ਜ਼ਿੰਦਗੀ ਸੰਵਾਰ ਲੈ ਕਿਤਾਬਾਂ ਪੜ੍ਹ ਕੇ ।
ਮਨ ਦਾ ਹਨੇਰਾ, ਵਹਿਮ ਦੂਰ ਨੱਸਣੇ;
ਕਿਤਾਬਾਂ ਵਾਲ਼ੇ ਵਿਹੜੇ ਮੱਲਾ ਵੇਖ ਵੜਕੇ ।
ਜ਼ਿੰਦਗੀ ਦੀ ਜ਼ਾਚ, ਭਾਵੇਂ ਕਾਰ ਤੇ ਵਿਹਾਰ ਹੋਵੇ,
ਸਿੱਖਿਆ ਦੇ ਨਾਲ਼ ਹੀ ਤਾਂ ਸੋਹਣਾ ਸੰਸਾਰ ਹੋਵੇ।
ਇਹੀ ਤਾਂ ਸਜਾਵੇ ਤਾਜ਼ ਸਿਰ ਉੱਤੇ ਸ਼ੌਹਰਤਾਂ ਦਾ,
ਸਿੱਖਿਆ ਦਾ ਛੱਡਣਾ ਨਹੀਂ ਪੱਲਾ ਫੜ੍ਹ ਕੇ।
ਜ਼ਿੰਦਗੀ ਸੰਵਾਰ ਲੈ ਕਿਤਾਬਾਂ ਪੜ੍ਹ ਕੇ।
ਖੋਜ਼ਾਂ ਵਾਲ਼ੇ ਰਾਹ, ਭਾਵੇਂ ਕਲਾਕਾਰੀ ਓਏ,
ਵਿਦਵਾਨ ਚਾਹੇ ਬਣਨਾ ਜਾਂ ਕਾਰੋਬਾਰੀ ਓਏ।
ਡਾਕਟਰ, ਵਕੀਲ ਜਾਂ ਤੂੰ ਜੱਜ ਬਣਨਾ,
ਕਿਤਾਬਾਂ ਨੇ ਹੀ ਸਾਥ ਤੇਰਾ ਦੇਣਾ ਖੜ੍ਹ ਕੇ,
ਜ਼ਿੰਦਗੀ ਸੰਵਾਰ ਲੈ ਕਿਤਾਬਾਂ ਪੜ੍ਹ ਕੇ।
ਛੱਡੀਂ ਨਾ ਤੂੰ ਡੋਰ ਕਦੇ ਸਿਦਕ-ਇਮਾਨ ਦੀ
'ਸੋਚ-ਉਡਾਰੀ' ਭਰ ਉੱਚੇ ਅਸਮਾਨ ਦੀ।
ਅੱਖਰਾਂ ਦੇ ਨਾਲ਼ ਪਾ ਲੈ ਸਾਂਝਾਂ ਗੂੜ੍ਹੀਆਂ,
ਚਮਕੇਂਗਾ ਫੇਰ ਸੱਚਾ ਕਿਰਦਾਰ ਬਣ ਕੇ।
ਕਿਤਾਬਾਂ ਵਾਲ਼ੇ ਵਿਹੜੇ ਮੱਲਾ ਵੇਖ ਵੜ ਕੇ।
ਭਰਿਆ ਖ਼ਜ਼ਾਨਾ ਏ, ਤੂੰ ਖੋਲ੍ਹ ਵਰਕੇ,
ਜ਼ਿੰਦਗੀ ਸੰਵਾਰ ਲੈ ਕਿਤਾਬਾਂ ਪੜ੍ਹ ਕੇ।
ਮਨ ਦਾ ਹਨੇਰਾ, ਵਹਿਮ ਦੂਰ ਨੱਸਣੇ;
ਕਿਤਾਬਾਂ ਵਾਲ਼ੇ ਵਿਹੜੇ ਮੱਲਾ ਵੇਖ ਵੜਕੇ ।

**ਸੁਰਜੀਤ ਸਿੰਘ 'ਖਾਂਗ'**
ਪੰਜਾਬੀ ਮਾਸਟਰ

# ਕਹਾਣੀ

ਬਜ਼ੁਰਗ ਮਾਤਾ ਕੱਲੀ ਰਹਿੰਦੀ ਸੀ ਤੇ ਸਿਹਤ ਵੀ ਬਹੁਤ ਖਰਾਬ ਹੋ ਗਈ ਸੀ। ਆਸ ਪੜੋਸ ਦੇ ਲੋਕ ਇੱਕਠੇ ਹੋਏ ਤੇ ਕਿਹਾ ਕਿ ਮਾਤਾ ਜੀ ਚੱਲੋ ਹਸਪਤਾਲ ਲੈ ਜਾਂਦੇ ਆਂ। "ਨਹੀ ਜੀ ਮੈਂ ਆਪਣੇ ਪੁੱਤ ਨੂੰ ਫੋਨ ਕੀਤਾ ਆ। ਉਹਨੇ ਆ ਜਾਣਾ। ਉਹਦੇ ਨਾਲ ਮੈਂ ਚਲੀ ਜਾਊਂਗੀ ਹਸਪਤਾਲ। ਤਿੰਨ ਦਿਨ ਇੰਤਜ਼ਾਰ ਤੋਂ ਬਾਅਦ ਉਹ ਪੁੱਤ ਆਪਣੀ (ਪਤਨੀ) ਤੇ ਬੱਚਿਆਂ ਨਾਲ ਆਇਆ। ਪੁੱਤ ਨੂੰ ਦੇਖਦਿਆਂ ਹੀ ਮਾਂ ਦੀਆਂ ਅੱਖਾਂ ਵਿਚ ਖੁਸ਼ੀ ਦੇ ਅੱਥਰੂ ਆ ਗਏ। ਪੁੱਤ ਨੇ ਆਉਂਦਿਆਂ ਹੀ ਕਿਹਾ," ਮਾਤਾ ਠੀਕ ਐ? ਕੀ ਕਰਾ ਲਿਆ ਈ?" ਕੁੱਝ ਨਹੀਂ ਪੁੱਤ ਬੱਸ ਹੁਣ ਤੇ ਤਿਆਰੀ ਆ। ਤੂੰ ਆ ਗਿਆ ਪੁੱਤ ਹੁਣ ਮੈਂ ਆਪੇ ਠੀਕ ਹੋ ਜਾਣਾ।" ਮਾਤਾ ਤੂੰ ਬਿਮਾਰ ਹੀ ਪਈ ਰਿਹਾ ਕਰ। ਸਾਰਾ ਕੰਮ ਕਾਰ ਛੱਡ ਕੇ ਆਉਣਾ ਪੈਂਦਾ ਤੇਰਾ ਪਤਾ ਲੈਣ। ਨਿਆਣਿਆਂ ਦੀਆਂ ਵੀ ਛੁੱਟੀਆਂ ਲੈਣੀਆਂ ਪਈਆਂ। ਹਾਂ ਦੱਸ ਕੀ ਗੱਲ ਆ? ਚੰਗੀ ਭਲੀ ਤੇ ਲੱਗ ਰਹੀ ਏਂ।"ਪੁੱਤ ਹੁਣ ਪਹਿਲਾਂ ਵਰਗੀ ਨੀ ਰਹੀ ਮੈਂ ਨਿਆਣਿਆਂ ਲਈ ਕੁਝ ਬਣਾਇਆ ਵੀ ਨੀ ਖਾਣ ਨੂੰ ਪੁੱਤ ਕਹਿੰਦੇ ਨੇ ਇਕ ਬਹੁਤ ਸਿਆਣਾ ਡਾਕਟਰ ਆ। ਜੇ ਮੈਨੂੰ ਉਜਦੇ ਕੋਲ ਲੈ ਜੇ ਤੇ ਪੁੱਤ ਤੇਰਾ ਭਲਾ ਹੋਵੇ।"ਮਾਤਾ ਮੇਰੀ ਤੇ ਨਿਆਣਿਆਂ ਦੀ ਦੋ ਦਿਨ ਛੁੱਟੀ ਆ ਤੇ ਅਸੀਂ ਅਨੰਦਪੁਰ ਸਾਹਿਬ ਜਾਣ ਦਾ ਪ੍ਰੋਗਰਾਮ ਬਣਾ ਕੇ ਆਏ ਸੀ ਕਿ ਚੱਲ ਮਾਤਾ ਦਾ ਪਤਾ ਲੈ ਕੇ ਫਿਰ ਅਨੰਦਪੁਰ ਸਾਹਿਬ ਜਾਣ ਦਾ ਮੂੰਹੋਂ ਕੱਢਿਆ, ਉਹਦਾ ਕੀ ਹੋਊ ਤੂੰ ਪੈਸੇ ਦੱਸ ਦੇ ਕਿੰਨੇ ਚਾਹੀਦੇ ਨੇ? ਮੈਂ ਪੈਸੇ ਦੇ ਦਿੱਨਾਂ ਤੂੰ ਇਲਾਜ ਕਰਾ ਲਈ ਆਪਣਾ।" ਠੀਕ ਆ ਪੁੱਤ ਅਨੰਦਪੁਰ ਸਾਹਿਬ ਜਾਣਾ ਵੀ ਜ਼ਰੂਰੀ ਆ। ਤੁਸੀਂ ਜਾਓ ਮੱਥਾ ਟੇਕ ਆਓ ਮੈਂ ਕਾਹਨੂੰ ਦੋਖੀ ਬਣਨੈ? ਤੇ ਨਾਲ਼ ਹੀ ਮਨੋ-ਮਨੀ ਸੋਚਿਆ "ਮਾਂ ਚੰਦਰੀ ਮੰਜੇ ਦੇ ਉੱਤੇ ਤੜਫੇ ਪੁੱਤ ਫਿਰੇ ਤੀਰਥਾਂ 'ਤੇ.......।

ਜਪਨੀਤ ਕੌਰ
ਜਮਾਤ- 11 'C' ਵੋਕੇਸ਼ਨਲ

# ਸਾਡੇ ਸਕੂਲ ਦਾ ਵਿੱਦਿਅਕ ਟੂਰ

ਸਾਡੇ ਸਕੂਲ ਦਾ ਵਿੱਦਿਅਕ ਟੂਰ ਪ੍ਰਿੰਸੀਪਲ ਮੈਡਮ ਦੀ ਅਗਵਾਈ ਵਿੱਚ ਮਿਤੀ 17 ਦਸੰਬਰ 2022 ਨੂੰ ਕੁਰੂਕਸ਼ੇਤਰ ਲਈ ਗਿਆ। ਸਾਰਿਆਂ ਨਾਲੋਂ ਪਹਿਲਾਂ ਅਸੀਂ ਘਰ ਤੋਂ ਤਿਆਰ ਹੋ ਕੇ ਵਰਦੀ ਵਿੱਚ 5:30 ਵਜੇ ਸਕੂਲ ਪੁੱਜੇ। ਬੱਸਾਂ 7:30 ਵਜੇ ਸਕੂਲ ਤੋਂ ਕੁਰੂਕਸ਼ੇਤਰ ਲਈ ਰਵਾਨਾ ਹੋਈਆਂ। ਸਭ ਤੋਂ ਪਹਿਲਾਂ ਅਸੀਂ ਕਲਪਨਾ ਚਾਵਲਾ ਦੇ ਬਣੇ ਤਾਰਾਮੰਡਲ ਪਹੁੰਚੇ ਉੱਥੇ ਅਸੀਂ ਕਲਪਨਾ ਚਾਵਲਾ ਨਾਲ ਸੰਬੰਧਤ ਕਈ ਚੀਜ਼ਾਂ ਵੇਖੀਆਂ।ਫਿਰ ਅਸੀਂ ਕੁਰੂਕਸ਼ੇਤਰ ਦੀ ਯੂਨੀਵਰਸਿਟੀ ਵਿੱਚ ਗਏ। ਅਸੀਂ ਯੂਨੀਵਰਸਿਟੀ ਵਿੱਚ ਧਰੋਹਰ, ਹਰਿਆਣਾ ਸੰਗ੍ਰਾਹਲਿਆ ਵਿੱਚ ਗਏ ਜਿੱਥੇ ਅਸੀਂ ਪੁਰਾਣੇ ਸਮੇਂ ਵਿੱਚ ਲੋਕਾਂ ਦੇ ਕਿੱਤੇ ਕਰਨ ਦੇ ਪੁਤਲੇ ਬਣੇ ਵੇਖੇ। ਜੋ ਬਿਲਕੁਲ ਅਸਲੀ ਹੀ ਲੱਗ ਰਹੇ ਸਨ।ਉੱਥੇ ਸਾਡੇ ਸਕੂਲ ਦੀਆਂ ਕੁੜੀਆਂ ਅਤੇ ਹਰਿਆਣੇ ਵੱਲ ਦੀਆਂ ਕੁੜੀਆਂ ਨੇ ਗਿੱਧੇ ਦਾ ਮੁਕਾਬਲਾ ਕੀਤਾ। ਜਿਸ ਵਿੱਚ ਸਾਡੇ ਸਕੂਲ ਦੀਆਂ ਕੁੜੀਆਂ ਹੀ ਜੇਤੂ ਰਹੀਆਂ। ਫਿਰ ਅਸੀਂ ਉੱਥੇ ਪੁਰਾਣੇ ਸਮੇਂ ਦੇ ਔਜ਼ਾਰ, ਬਲਦਾਂ ਦੁਆਰਾ ਖੇਤੀ, ਆਦਿ ਦੇ ਬਣੇ ਸੰਦ ਵੇਖੇ। ਫਿਰ ਅਸੀਂ ਉੱਥੇ ਹੀ ਦੂਸਰੇ ਪਾਸੇ 1857 ਦੇ ਹੋਏ ਝਾਂਸੀ ਦੀ ਰਾਣੀ ਦੇ ਲੜਦੇ ਹੋਏ ਬੁੱਤ ਵੇਖੇ। ਅਸੀਂ ਉਸ ਤੋਂ ਬਾਅਦ ਲਾਈਨ ਬਣਾ ਕੇ ਆਪਣੀਆਂ-ਆਪਣੀਆਂ ਬੱਸਾਂ ਵੱਲ ਚੱਲ ਪਏ ਤੇ ਬੱਸਾਂ ਵਿੱਚ ਜਾ ਕੇ ਬੈਠ ਗਏ। ਫਿਰ ਅਸੀਂ ਅੱਗੇ ਜਾ ਕੇ ਸਾਇੰਸ ਮਿਊਜ਼ਿਮ (ਪੈਨੋਰਮਾ) ਵੇਖਿਆ। ਜਿਸ ਵਿੱਚ ਕਈ ਤਰ੍ਹਾਂ ਦੀਆਂ ਖੇਡਾਂ ਵੀ ਸ਼ਾਮਿਲ ਸਨ। ਉੱਥੇ ਹੀ ਉਪਰਲੀ ਸਾਈਡ ਕੌਰਵਾਂ ਅਤੇ ਪਾਂਡਵਾਂ ਦੀ ਲੜਾਈ ਦੇ ਪੁਤਲੇ ਦੇਖੇ ਤੇ ਫਿਰ ਖਾਣਾ ਖਾਣ ਤੋਂ ਬਾਅਦ ਬੱਸਾਂ ਵਿੱਚ ਬੈਠੇ ਤੇ ਲੇਜ਼ਰ ਸ਼ੋਅ ਦੇਖਣ ਚਲੇ ਗਏ ਜਿੱਥੇ ਕ੍ਰਿਸ਼ਨ ਜੀ ਨੇ ਗੀਤਾ ਦਾ ਉਪਦੇਸ਼ ਦਿੱਤਾ ਸੀ। ਉੱਥੇ ਲੇਜ਼ਰ ਸ਼ੋਅ ਦੇਖਣ ਤੇ ਇਸ ਤਰ੍ਹਾਂ ਲੱਗ ਰਿਹਾ ਸੀ ਕਿ ਜਿਵੇਂ ਕਿ ਇਹ ਸਾਰਾ ਕੁੱਝ ਸਾਡੇ ਸਾਹਮਣੇ ਵਾਪਰ ਰਿਹਾ ਹੋਵੇ। ਇਹ ਲੇਜ਼ਰ ਸ਼ੋਅ ਬਹੁਤ ਹੀ ਵਧੀਆ ਸੀ। ਤੇ ਸਾਨੂੰ ਬਹੁਤ ਕੁੱਝ ਸਿੱਖਣ ਨੂੰ ਮਿਲਿਆ। ਅਖ਼ੀਰ ਅਸੀਂ ਬੱਸਾਂ ਵਿੱਚ ਨੱਚਦੇ-ਟੱਪਦੇ ਘਰਾਂ ਨੂੰ ਪਰਤੇ।

**ਅਰਸ਼ਦੀਪ ਕੌਰ**
ਜਮਾਤ +2 'ਈ, ਰੋਲ ਨੰ. 9

## ਕੰਪਿਊਟਰ

ਅੱਜ ਦਾ ਜ਼ਮਾਨਾ ਹੈ ਕੰਪਿਊਟਰ,
ਤਰੱਕੀਆਂ ਕਰ ਰਿਹਾ ਕੰਪਿਊਟਰ ।
ਦੁਨੀਆਂ ਵਿੱਚ ਛਾਇਆ ਕੰਪਿਊਟਰ,
ਸਭ ਨੂੰ ਹੈ ਭਾਇਆ ਕੰਪਿਊਟਰ।
ਇਲੈਕਟ੍ਰਾਨਿਕ ਮਸ਼ੀਨ ਹੈ ਕੰਪਿਊਟਰ,
ਇੰਟਰਨੈੱਟ ਚੱਲਦਾ ਵਿੱਚ ਕੰਪਿਊਟਰ ।
ਨੈੱਟ ਚਲਾਓ, ਈ - ਮੇਲ ਕਰ ਲਓ।
ਲੱਭ ਦਿੰਦਾ ਏ ਗੂਗਲ, ਇਸ ਤੇ ਜੋ ਵੀ ਭਰ ਲਓ।
HTML ਤੇ ਵੈੱਬ ਡਿਜ਼ਾਈਨਿੰਗ ਹੈ
ਹੋਰ ਸਿੱਖਣ ਦੀ ਮੈਂ ਕਰੀ ਪਲੈਨਿੰਗ ।
ਛੇਵੀਂ ਤੋਂ ਸਾਨੂੰ ਸਿਖਾਉਂਦੇ ਕੰਪਿਊਟਰ,
ਸਿੱਖ ਕੇ ਅਸੀਂ ਚਲਾਉਂਦੇ ਕੰਪਿਊਟਰ ।
ਪਹਿਲਾਂ ਛੇਵੀਂ ਤੋਂ ਅੱਠਵੀਂ ਤੱਕ,
ਅਮਨ ਮੈਮ ਨੇ ਮੈਨੂੰ ਪੜ੍ਹਾਇਆ ਕੰਪਿਊਟਰ,
ਨੌਵੀਂ, ਦੱਸਵੀਂ ਵਿੱਚ ਗੁਰਚਰਨ ਮੈਮ ਨੇ
ਹੋਰ ਸਿਖਾਇਆ ਕੰਪਿਊਟਰ।
ਸਦਕੇ ਜਾਵਾਂ ਆਰਤੀ ਮੈਮ ਤੇ ਰਮਨ ਮੈਮ ਦੇ,
ਦਿਮਾਗ 'ਚ ਮੇਰੇ ਪਾਇਆ ਕੰਪਿਊਟਰ
ਨਾ ਸਮਝੋ ਤਾਂ ਔਖਾ ਕੰਪਿਊਟਰ
ਬਟਨਾਂ ਦਾ ਲੇਖਾ ਜੋਖਾ ਕੰਪਿਊਟਰ

**ਕੋਮਲ**
ਜਮਾਤ - +1 F,

ਸਾਨੂੰ ਘੁਮੰਡ ਨਹੀਂ ਕਰਨਾ ਚਾਹੀਦਾ,
ਕਿਉਂਕਿ ਘੁਮੰਡ ਟੁੱਟ ਜਾਂਦਾ ਏ।
ਸਾਨੂੰ ਲਾਲਚ ਨਹੀਂ ਕਰਨਾ ਚਾਹੀਦਾ,
ਕਿਉਂਕਿ ਲਾਲਚ ਬੁਰੀ ਬਲਾ ਏ।
ਸਾਨੂੰ ਝੂਠ ਨਹੀਂ ਬੋਲਣਾ ਚਾਹੀਦਾ,
ਕਿਉਂਕਿ ਝੂਠ ਨਾਲੋਂ ਸੱਚ ਦਾ ਪਲੜਾ ਭਾਰੀ ਹੁੰਦਾ ਏ।
ਸਾਨੂੰ ਵਿੱਦਿਆ ਪ੍ਰਾਪਤ ਕਰਨ ਲਈ
ਨਕਲ ਨਹੀਂ ਕਰਨੀ ਚਾਹੀਦੀ,
ਕਿਉਂਕਿ ਨਕਲ ਅਕਲ ਨੂੰ ਗੁਆ ਦਿੰਦੀ ਏ।
ਸਾਨੂੰ ਕਿਸੇ ਚੀਜ਼ ਦਾ ਹੰਕਾਰ
ਨਹੀਂ ਕਰਨਾ ਚਾਹੀਦਾ,
ਕਿਉਂਕਿ ਜੋ ਚੀਜ਼ ਸਾਡੇ ਕੋਲ ਅੱਜ ਹੈ
ਉਹ ਹਮੇਸ਼ਾ ਥੋੜ੍ਹਾ ਰਹਿੰਦੀ ਏ।

**ਲਛਮੀ ਦੇਵੀ** 11 'C'
Vocational Roll No. 11

## ਚਾਨਣ- ਮੁਨਾਰੇ

ਅੰਬਰ ਦੇ ਸਫਿਆਂ ਤੇ ਚਮਕਣ ਜਿਉਂ ਤਾਰੇ
ਅੰਬਰ ਦੇ ਸਫਿਆਂ ਤੇ ਚਮਕਣ ਜਿਉਂ ਤਾਰੇ
ਅਧਿਆਪਕ ਨੇ ਸਾਡੇ ਲਈ ਚਾਨਣ ਮੁਨਾਰੇ,
ਅਧਿਆਪਕ ਨੇ ਸਾਡੇ ਲਈ ਚਾਨਣ ਮੁਨਾਰੇ।
ਇਹ ਬਾਬਲ ਦੇ ਵਰਗੇ ਇਹ ਮਾਵਾਂ ਦੇ ਵਰਗੇ
ਇਹ ਧੁੱਪਾਂ ਚ ਲੱਗਦੇ ਜੀ ਛਾਂਵਾਂ ਦੇ ਵਰਗੇ
ਇਹ ਤਪਦੇ ਥਲਾਂ ਵਿੱਚ ਨੇ ਨੀਰਾਂ ਦੇ ਵਰਗੇ
ਇਹ ਭੈਣਾਂ ਦੇ ਵਰਗੇ ਇਹ ਵੀਰਾਂ ਦੇ ਵਰਗੇ
ਇਹ ਗੁੱਸਾ ਵੀ ਕਰਦੇ ਤਾਂ ਲੱਗਦੇ ਨੇ ਪਿਆਰੇ
ਅਧਿਆਪਕ ਨੇ ਸਾਡੇ ਲਈ ਚਾਨਣ ਮੁਨਾਰੇ,
ਅਧਿਆਪਕ ਨੇ ਸਾਡੇ ਲਈ ਚਾਨਣ ਮੁਨਾਰੇ,
ਇਹ ਕਿੰਨੇ ਮਿਹਨਤੀ ਇਹ ਕਿੰਨੇ ਸਮਰਪਿਤ
ਇਹ ਵਿੱਦਿਆ ਲਈ ਕਰਦੇ ਨੇ ਜੀਵਨ ਨੂੰ ਅਰਪਿਤ
ਇਹ ਲਿਖਣਾ ਸਿਖਾਉਂਦੇ ਇਹ ਪੜ੍ਹਨਾ ਸਿਖਾਉਂਦੇ
ਇਹ ਰਹਿਬਰ ਵੀ ਬਣਦੇ ਇਹ ਬਣਦੇ ਸਹਾਰੇ
ਅਧਿਆਪਕ ਨੇ ਸਾਡੇ ਲਈ ਚਾਨਣ ਮੁਨਾਰੇ,
ਅਧਿਆਪਕ ਨੇ ਸਾਡੇ ਲਈ ਚਾਨਣ ਮੁਨਾਰੇ,
ਇਹ ਸਾਨੂੰ ਬਣਾਉਂਦੇ ਨੇ ਸਮਿਆਂ ਦੇ ਹਾਣੀ
ਇਹ ਮਹਿਕਾਂ ਹੀ ਵੰਡਦੇ ਇਹ ਝਰਨੇ ਦੇ ਪਾਣੀ
ਹੈ ਰੁਤਬਾ ਤਾਂ ਇਹਨਾਂ ਦਾ ਰੱਬ ਤੋਂ ਉੱਚਾ
ਹੈ ਕਾਰਜ ਵੀ ਇਹਨਾਂ ਦਾ ਸੱਚਾ ਤੇ ਸੁੱਚਾ
ਇਹ ਕੌਮਾਂ ਦੇ ਸਿਰਜਕ ਇਹ ਸੇਵਕ ਨੇ ਸਾਰੇ
ਅਧਿਆਪਕ ਨੇ ਸਾਡੇ ਲਈ ਚਾਨਣ ਮੁਨਾਰੇ,
ਅਧਿਆਪਕ ਨੇ ਸਾਡੇ ਲਈ ਚਾਨਣ ਮੁਨਾਰੇ,
ਇਹ ਨਿੱਕਿਆ ਪਰਾਂ ਨੂੰ ਵੀ ਪਰਵਾਜ਼ ਦਿੰਦੇ
ਇਹ ਖਾਮੋਸ਼ ਬੋਲਾਂ ਨੂੰ ਵੀ ਆਵਾਜ਼ ਦਿੰਦੇ
ਇਹ ਜ਼ਿੰਦਗੀ ਦੇ ਰਾਹਾਂ ਤੇ ਤੁਰਨਾ ਸਿਖਾਉਂਦੇ
ਇਹ ਖ਼ੁਦ ਨੂੰ ਜਲ਼ਾ ਕੇ ਵੀ ਚਾਨਣ ਫੈਲਾਉਂਦੇ
ਇਹ ਦੀਪਕ, ਇਹ ਜੁਗਨੂੰ, ਇਹ ਚੰਨ ਤੇ ਸਿਤਾਰੇ
ਅਧਿਆਪਕ ਨੇ ਸਾਡੇ ਲਈ ਚਾਨਣ ਮੁਨਾਰੇ,
ਅਧਿਆਪਕ ਨੇ ਸਾਡੇ ਲਈ ਚਾਨਣ ਮੁਨਾਰੇ।

**ਜਪਨੀਤ ਕੌਰ**
ਜਮਾਤ- 11 'C' ਵੋਕੇਸ਼ਨਲ

## ਭਾਰਤ ਦੇ ਮਹਾਨ ਗਣਿਤਕਾਰ ਅਤੇ ਖੋਜ਼ਾਂ

ਯੂਨਾਨੀ ਗਣਿਕਾਰ ਅਤੇ ਦਾਰਸ਼ਨਿਕ ਆਰਕੀਮਿਡੀਜ਼ ਨੂੰ ਗਣਿਤ ਦਾ ਪਿਤਾਮਾ ਮੰਨਿਆ ਜਾਂਦਾ ਹੈ। ਗਣਿਤ ਵਿੱਚ ਭਾਰਤੀ ਗਣਿਤਕਾਰਾਂ ਦੀ ਵੀ ਵਿਸ਼ਵ ਨੂੰ ਬਹੁਤ ਵੱਡੀ ਦੇਣ ਹੈ। ਜਿਵੇਂ ਕਿ ਸਿਫ਼ਰ ਦੀ ਖੋਜ਼, ਤਿਕੋਣ-ਮਿਤੀ, ਅਲਜਬਰਾਂ ਅੰਕ ਗਣਿਤ ਅਤੇ ਰਿਣ ਅੰਕ ਆਦਿ ਅਜਿਹੇ ਖੇਤਰ ਹਨ ਜਿਸ ਵਿੱਚ ਭਾਰਤੀ ਗਣਿਕਾਰਾਂ ਦੀ ਮਹਾਨ ਦੇਣ ਹੈ। ਇਸ ਤੋਂ ਇਲਾਵਾਂ ਬਹੁਤ ਮਹੱਤਵਪੂਰਨ ਦਸ਼ਮਲਵ ਪ੍ਰਨਾਲ਼ੀ ਦੀ ਖੋਜ ਹੈ। ਜਿਸ ਨੇ ਸਾਰੇ ਸੰਸਾਰ ਨੂੰ ਗਣਿਤ ਸਮਝਣ ਵਿੱਚ ਬਹੁਤ ਸਹਾਇਤਾ ਕੀਤੀ ਹੈ।

**ਭਾਰਤ ਦੇ ਮਹਾਨ ਗਣਿਤਕਾਰ:-**


ਆਰੀਆ ਭੱਟ

**1. ਆਰੀਆ ਭੱਟ:** ਇਹ ਪਹਿਲਾ ਵਿਅਕਤੀ ਹੈ ਜਿਸਨੇ ਧਰਤੀ ਦੇ ਗੋਲ਼ਾਕਾਰ ਹੋਣ ਬਾਰੇ ਜਾਣਕਾਰੀ ਦਿੱਤੀ ਅਤੇ ਪਹਿਲੀ ਵਾਰ $(a+b)^2=a^2+2ab+b^2$ ਦਾ ਸੂਤਰ ਦਿੱਤਾ।


ਬ੍ਰਹਮਗੁਪਤ

**2. ਬ੍ਰਹਮਗੁਪਤ:-** ਇਸ ਗਣਿਤਕਾਰ ਨੇ ਸਿਫ਼ਰ ਦੀ ਦੇਣ ਦਿੱਤੀ ਅਤੇ ਅੰਕਾਂ ਦੇ ਘਣ, ਘਣਾਵ, ਵਰਗ ਅਤੇ ਵਰਗਮੂਲ ਕਰਨ ਬਾਰੇ ਖੋਜ਼ ਕੀਤੀ


ਸ਼੍ਰੀ ਨਿਵਾਸ ਰਾਮਨੁਜਨ

**3. ਸ਼੍ਰੀ ਨਿਵਾਸ ਰਾਮਨੁਜਨ:** ਇਸ ਮਹਾਨ ਗਣਿਤਕਾਰ ਨੇ Elliptic Function, Continued Function, Hyper geometric series ਦੇ ਗੁਣਨਫਲ ਕਰਨ ਬਾਰੇ ਖੋਜ਼ ਕੀਤੀ।


ਪੀ.ਸੀ. ਮਹਲਾਨੋਬਿਸ

**4. ਪ੍ਰਸ਼ਾਂਤ ਚੰਦਰ ਮਹਲਾਨੋਬਿਸ:-** ਅੰਕੜਾ ਵਿਗਿਆਨ ਦੇ ਖੇਤਰ ਵਿੱਚ ਮਹਾਨ ਯੋਗਦਾਨ ਦਿੱਤਾ।


ਰਾਧਾਕ੍ਰਿਸ਼ਨ ਰਾਓ

**5. ਰਾਧਾਕ੍ਰਿਸ਼ਨ ਰਾਓ:-** ਇਸ ਗਣਿਤਕਾਰ ਨੇ Estimation ਦੇ ਸਿਧਾਂਤ ਦੀ ਖੋਜ ਸੰਸਾਰ ਪੱਧਰ 'ਤੇ ਕੀਤੀ।


ਡੀ.ਆਰ ਕਾਪਰੇਕਰ

**6. ਡੀ.ਆਰ ਕਾਪਰੇਕਰ:-** ਪ੍ਰਾਕ੍ਰਿਤਕ ਅੰਕਾਂ ਵਿੱਚ ਕਾਪਰੇਕਰ ਨੇ ਸਥਿਰ ਅੰਕਾਂ ਦੀ ਖੋਜ ਗਣਿਤ ਲਈ ਕੀਤੀ।


ਹਰੀਸ਼ ਚੰਦਰ

**7. ਹਰੀਸ਼ ਚੰਦਰ:-** ਇਸ ਨੇ ਹਾਰਮੋਨਿਕ ਵਿਸ਼ਲੇਸ਼ਣ ਸੰਬੰਧੀ ਮਹਾਨ ਕੰਮ ਕੀਤਾ।


ਸਤਿੰਦਰ ਨਾਥ ਬੋਸ਼

**8. ਸਤਿੰਦਰ ਨਾਥ ਬੋਸ਼:-** ਇਸ ਗਣਿਤਕਾਰ ਨੇ ਅੰਕੜਾ ਵਿਗਿਆਨ ਦੇ ਖੇਤਰ ਵਿੱਚ Statistical Mechanics ਲਈ ਬਹੁਤ ਉੱਚੇ ਪੱਧਰ ਤੱਕ ਦੀ ਦੇਣ ਗਣਿਤ ਨੂੰ ਦਿੱਤੀ।


ਭਾਸਕਰ

**9. ਭਾਸਕਰ:-** ਇਸ ਗਣਿਤਕਾਰ ਨੇ ਇਸ ਤੱਥ ਦਾ ਪਤਾ ਲਗਾਇਆ ਕਿ ਜਦੋਂ ਕਿਸੇ ਅੰਕ ਨੂੰ ਜੀਰੋ ਨਾਲ ਵੰਡੀਏ ਤੇ Infinity ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ Infinity ਨੂੰ Infinity ਵਿੱਚ ਜੋੜੀਏ ਤਾਂ Infinity ਪ੍ਰਾਪਤ ਹੁੰਦਾ ਹੈ।


ਨਰਿੰਦਰ ਕਰਮਾਰਕਰ


**10. ਨਰਿੰਦਰ ਕਰਮਾਰਕਰ:-** ਇਸ ਨੇ ਲੋਗਟੇਬਲ ਅਤੇ ਲੋਗਰਿਦਮ ਦੀ ਵਰਤੋਂ ਨਾਲ Linear Programming problems ਹੱਲ ਕਰਨੀਆਂ ਬਹੁਤ ਅਸਾਨ ਕਰ ਦਿੱਤੀਆਂ ।



ਸ਼ਕੁੰਲਤਾ ਦੇਵੀ


**11. ਸ਼ਕੁੰਲਤਾ ਦੇਵੀ:-** 1929 ਵਿੱਚ ਪੈਦਾ ਹੋਈ ਗਣਿਤਕਾਰ ਸ਼ਕੁੰਲਤਾ ਦੇਵੀ ਭਾਰਤ ਦੀ ਪਹਿਲੀ ਔਰਤ ਗਣਿਤਕਾਰ ਮੰਨੀ ਜਾਂਦੀ ਹੈ। ਜਿਹੜੀ ਕਿ ਮਨੁੱਖੀ ਕੰਪਿਊਟਰ ਨਾਲ ਵੀ ਜਾਣੀ ਜਾਂਦੀ ਹੈ ਕਿਉਂਕਿ ਉਹ ਬਹੁਤ ਵੱਡੀਆਂ ਗਣਨਾਂ ਜੁਬਾਨੀ ਆਪਣੇ ਦਿਮਾਗ ਵਿੱਚ ਕਰ ਲੈਂਦੀ ਸੀ।

**ਤੀਰਥ ਰਾਮ ਟੱਕਰ, ਗਣਿਤ ਲੈਕਚਰਾਰ**

**ਮੈਂ ਗੁਰਮੁਖੀ ਦਾ ਬੇਟਾ ਮੈਨੂੰ ਤੋਰਦੇ ਨੇ ਅੱਖਰ**
**ਮਾਂ ਖੇਲ੍ਹਣੇ ਨੂੰ ਦਿੱਤੇ ਬੜੀ ਲੋਰ ਦੇ ਨੇ ਅੱਖਰ**





"ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸਾਰੀ ਬਾਣੀ ਨੂੰ ਵਿਚਾਰਨ ਉਪਰੰਤ ਜੀਵਨ ਦੇ ਹਰ ਪੱਖ ਲਈ ਸੇਧ ਮਿਲਦੀ ਹੈ। ਗੁਰੂ ਜੀ ਦੀ ਬਾਣੀ ਮਨੁੱਖ ਨੂੰ ਸਹਿਜ ਅਵਸ-ਥਾ ਦੀ ਉੱਤਮ ਟੀਸੀ ਤੱਕ ਪਹੁੰਚਾਉਂਦੀ ਹੈ। ਇਸ ਤੋਂ ਜੀਵਨ ਦੇ ਅਮੋਲਕ ਗੁਣਾਂ ਦਾ ਗਿਆਨ ਹੁੰਦਾ ਹੈ; ਤਿਆਗ ਕੁਰਬਾਨੀ ਤੇ ਚੜ੍ਹਦੀ ਕਲਾ ਦੇ ਸਿਧਾਂਤ ਪ੍ਰਗਟ ਹੁੰਦੇ ਹਨ।"


ਭਾਰਤ ਦੇ ਹਰ ਕੋਨੇ ਵਿੱਚ ਗਰੀਬ ਲੋਕਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਅਸੀਂ ਮਾਣ ਨਾਲ਼ ਕਹਿੰਦੇ ਹਾਂ," ਅਸੀਂ ਦੁਨੀਆਂ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ਼ ਵਧ ਰਹੀਆਂ ਆਰਥਿਕ ਸ਼ਕਤੀਆਂ ਵਿੱਚ ਇੱਕ ਹਾਂ" ਪਰ ਅਸੀਂ ਇਹ ਭੁੱਲ ਜਾਂਦੇ ਹਾਂ, ਕਿ ਅਸੀਂ ਉਨ੍ਹਾਂ ਦੇਸ਼ਾਂ ਦੀ ਮੁਢਲੀ ਕਤਾਰ ਵਿੱਚ ਹਾਂ, ਜਿਨ੍ਹਾਂ ਕੋਲ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਕੁੱਲ ਵਸੋਂ ਦਾ ਵੱਡਾ ਹਿੱਸਾ ਹੈ।

**ਵਿਦਿਆਰਥੀਆਂ ਦੀ ਲਿਖਾਈ ਦੇ ਨਮੂਨੇ**

# हिंदी विभाग

संपादक
**वीरवंत कुमार**
संस्कृत मास्टर

विद्यार्थी संपादक
**गुरसुखमनजोत कौर**
+1 ई

## बेटी

जग का है कल्याण तू बेटी
ईश्वर का वरदान तू बेटी ।
माता पिता का, स्वाभिमान है बेटी,
सृष्टि का, अलंकार है बेटी ।।
तू नहीं तो, सृष्टि नहीं बेटी,
तू नहीं तो, मैं नहीं बेटी ।
तू नहीं तो, मनुष्य नहीं बेटी,
तू नहीं तो, माता नहीं बेटी ।।
जग का है कल्याण तू बेटी
ईश्वर का वरदान तू बेटी ।
तेरे ही कीर्ति से, हम कीर्तिमान हैं बेटी,
तेरे ही सम्मान से, मेरा सम्मान है बेटी ।
तेरे ही ज्ञान से, मेरी पहचान है बेटी,
गंगा यमुना और, सरस्वती सी महान है बेटी ।।
जग का है कल्याण तू बेटी
ईश्वर का वरदान तू बेटी ।
वेदों में तेरे को "माता निर्माता भवति" बताया,
"स्त्री ब्रहमा वभूविथ" यह कह, कर प्रथम स्थान दिलाया ।
ब्रहमा, विष्णु व महेश तेरे ही, कारण जन्म पाया,
इसलिए तो सब ऋषियों ने, आपको जगत् जननी बताया।
जग का है कल्याण तू बेटी
ईश्वर का वरदान तू बेटी ।



वीरवंत कुमार
संस्कृत मास्टर

## माता - पिता

आप मेरे साथ हो,
और आप ही मेरे खास हो ।
आप ही मेरी सांसें,
और आप ही मेरा अहिसास हो ।
आप ही मेरी जिन्दगी,
और आप ही मेरे जीने की आस हो ।
आप ही मेरी जमीन,
और आप ही मेरा आकाश हो ।
आप ही मेरी पूजा,
और आप ही मेरा विश्वास हो ।
आप ही मेरे अध्यापक,
और आप ही मेरा विकास हो ।
माना आप मुझे बहुत डाटते हो,
फिर भी मैं खुशकिस्मत हुँ,
कि आप दोनों मेरे पास हो ।

पूजा रानी
रोल नं - 41
कक्षा - + 2 'D'



## पापा

हाथ को पकड़कर चलना सिखाया था न
दुनिया से तुमने लड़ना सिखाया था न
जितने वी खुशबू सजाए थे आपने आज
सब पूरे करने का वक्त आया है पापा
कितना जरुरी था आपका साथ होना, आपके
चले जाने के बाद समझ आया है पापा ।
लड़ पाई मैं सब मुश्किलों से क्योंकि हाथ
को पकड़कर चलना सिखाया था न,
दुनिया से तुमने लड़ना सिखाया था न ।
बुरा वक्त था पर रोई नहीं मैं
गिरी तो थी पर फिर उठ खलोई थी मैं,
आपकी सिखाई हर बात याद है। तभी तो
हर मुश्किल को मात है। इसीलिए
हाथ को पकड़कर चलना सिखाया था न
दुनिया से तुमने लड़ना सिखाया था न ।

ईशा रानी
+ 2 'F'

# जिंदगी

जिंदगी हर रोज़ कुछ नया सिखाती है
कभी हँसाती है तो कभी रुलाती है
मंज़िल तक भी यह हमें पहुँचाती है
हर वो रास्ता हमें दिखाती है ..........
लक्ष्य को कैसे पाना है यह हमें बताती है
खुली आँखों से भी हमें सपने दिखाती है
हर दर्द को आसानी से सह जाती है
हर नींद से हमें जगाती है
जिंदगी बहुत कुछ सिखाती है ..........
कभी हँसाती है कभी रुलाती है
खुद से भी ज्यादा किसी पर
विश्वास मत करना ..........
क्योंकि अंधेरे में तो परछाई
भी साथ छोड़ जाती है
रिश्तों के मतलब जिंदगी ही तो समझाती है
अपने और पराए की पहचान
जिंदगी ही तो कराती है ..........
जिंदगी बहुत कुछ सिखाती है ..........
कभी हँसाती है कभी रुलाती है
जो जिंदगी की भीड़ में खुश रहे
जिंदगी उसी के आगे सर झुकाती है
जिंदगी हर रोज़ कुछ नया सिखाती है
कभी हँसाती है कभी रुलाती है ।

Kalpana
Class – 11th 'G'

## संस्कृत भाषा

सूरस सुबोधा, विश्व मनोज्ञा
ललिता हृद्या, रमणीया।
अमृत वाणि, संस्कृत भाषा
नैव क्लिष्टा न च कठिणा।।
कवि कोकिला वाल्मीकि विरचिता
रामायण रमणीय कथा।
अतीव सरला मधुर मन्जुला
नैव क्लिष्टा न च कठिणा।।
व्यास विरचिता गणेश लिखिता
महाभारते पुण्य कथा।
कौरव पाण्डव सागर मथिता
नैव क्लिष्टा न च कठिणा।।
कुरूक्षेत्र समराडणगीता
विश्ववन्दिता भगवद्गीता।
अमृतमधुरा कर्मदीपिका
नैव क्लिष्टा न च कठिणा।।
कविकुलगुरूनवरसोन्मेषजा
ऋतु—रघु—कुमारकविता।
विक्तम—शाकुन्तल—मालविका
नैव क्लिष्टा न च कठिणा।।

राजेन्द्र प्रसाद
लैक्चरर संस्कृत

1)जीवन में दु:ख की
घड़ियाँ भी आती है, और
उन्हें साहसपूर्वक सहने में ही
जीवन की महानता है।

2)जिस प्रकार मानव को सजाने
के लिए गहनों की जरुरत होती
है उसी तरह भाषा को सुंदर लिखाई का
अहम योगदान है।

**Kanchan**
Class – 8th 'C'



# हमारी बेटियाँ

ओस की बूँद सी होती है बेटियाँ,
माँ बाप की आँख का तारा होती है बेटियाँ,
एक ही कुल को रोशन करता है बेटा,
दो-दो कुलों की लाज होती है बेटियाँ,
ओस की बूँद सी होती है बेटियाँ,
माँ बाप की आँख का तारा होती है बेटियाँ ।
कोई नहीं है दोस्तों एक दूसरे से कम,
हीरा अगर हैं बेटा, तो सुच्चा मोती है बेटियाँ,
ओस की बूँद सी होती है बेटियाँ,
माँ बाप की आँख का तारा होती है बेटियाँ ।
कभी - कभी साथ छोड़ देता है बेटा,
सारी उम्र साथ निभाती है बेटियाँ,
ओस की बूँद सी होती है बेटियाँ,
माँ बाप की आँख का तारा होती है बेटियाँ,
क्यों कहता है समाज ना हो बेटियाँ
दुसरे घर जाकर भी माँ बाप की आस होती है बेटियाँ,
प्यार की कहानी होती है बेटियाँ,
माँ - बाप की आँख का पानी होती है बेटियाँ,
ओस की बूँद सी होती है बेटियाँ,
माँ बाप की आँख का तारा होती है बेटियाँ ..........

सिमरन कौर
कक्षा - 10 + 1 'D'

## प्रिय दोस्त

हर किसी की जिंदगी में एक दोस्त जरुर होता है। जिससे हम अपनी हर एक दिन की बात बताते हैं। वह हमेशा हमारे साथ रहता है। हर मुश्किल में भी हर खुशी में, हमेशा हमारे साथ होता है। कभी-कभी हमारी दोस्ती को देखकर लोग हैरान रह जाते हैं। वह इतने अच्छे दोस्त कैसे हैं। असली और सच्चे दोस्त वही होते है जो हमारे बुरे वक्त में साथ दे। कई तो इतने अच्छे दोस्त होते हैं कि मरते दम तक हमारा साथ देते है। एक वही दोस्त होता है जिससे हमारे बारे में सब कुछ पता होता हैं। उसे हमारी पसंद और न पसंद भी पता होता है। दोस्त तो दिल के इतने करीब होते हैं कि उनसे नाराज़ और अलग भी नहीं हुआ जाता। इतना प्यार तो हमारे भाई-बहन के बीच नहीं होता जितना उसके साथ होता है। वह अपनी दोस्ती किसी के साथ शेयर नहीं करते। उनके लिए तो हम जान भी दे सकते हैं। भगवान का हम शुक्र गुजार है कि उन्होंने हमारे जीवन में दोस्त के नाम से एक व्यक्ति भेजा है। भगवान से यही प्रार्थना करते है कि उसको हमारी उम्र लग जाए। हमारी दोस्ती हमेशा ऐसे ही बनी रहे। हमारी दोस्ती को किसी की नज़र ना लगे। भगवान हमारी दोस्ती को ऐसे ही बनाए रखे।

**Hashpreet Kaur**
Class - + 1 'C' Roll No. 5

## विद्यालय

स्कूल को हिन्दी में विद्यालय कहा जाता है। विद्या का अर्थ है ज्ञान और आलय का अर्थ घर। इसी लिए विद्यालय का अर्थ ज्ञान का घर। विद्यालय का प्राचीन नाम गुरूकुल, पाठशाला, शिक्षणालय आदि है।

विद्यार्थी के लिए विद्यालय विद्या के मंदिर समान है। लोग मंदिर, मस्जिद, गुरूद्वारे मे इस लिऐ जाते है कि परमात्मा को प्रसन्न किया जाए। विद्यालय में हर प्रकार की शिक्षा ग्रहण करने को मिलती है। विद्यार्थी विद्यालय में अनुशाषण, समाज में रहने का ढंग, बोलने, चलने आदि का ज्ञान ग्रहण करता है। ज्ञान तीन प्रकार का होता है, जैसे कि अध्यात्मिक, अधिभौतिक, अधिदैविक। प्राचीन काल में इन तीनों ज्ञान की शिक्षा बहुत अच्छे ढंग के साथ गुरूओं के द्वारा प्रदान की जाती है। अधिभौतिक ज्ञान का अर्थ है जो पदार्थ पृथ्वी पर कुदरत द्वारा प्रदान किए गए है। जैसे सूर्य, जल, वायु, धरती और आकाश। अधिदैविक का अर्थ है जैसे ग्रह, उपग्रह, सूर्य, चॉद, तारे आदि। यह तीनों प्रकार की शिक्षा गुरूकुल में गुरू द्वारा ग्रहण करवाई जाती थी। यह गुरू निर्धारण करता था कि विद्यार्थी को किस प्रकार की शिक्षा हासिल करनी चाहिए। बच्चे के जीवन के उदेश के अनुसार गुरू शिक्षा प्रदान करता था। पहले गुरूकुल मेन वेदो की शिक्षा दी जाती थी। जहां पर वेदों में मानव निर्माण की कला सिखलाई गई है वहां पर वेदों में गणित, विज्ञान, भूगोल, विमानविद्या आदि अनेक का वर्णन किया गया है, इसकी शिक्षा दी जाती थी। अंत में हम यह कह सकते है कि विद्यालय वह संस्था है यहां देश के विकास के लिए अच्छे से अच्छे वैज्ञानिक, डाक्टर, समाज सुधारक, कुशल राजनीतिज्ञा, देश के भविष्य निर्माता अध्यापक आदि का निर्माण होता है। इस समय शिक्षा में सुधार की बहुत जरूरत है। जिस से विद्यालय का विकास हो सके।

**सुखमनजोत कौर +1ई**

# आयुर्वेद एक शरीर का विज्ञान हैं ।

आयुर्वेद से अपनी आयु को लम्बी कर सकते हैं। हमारा शरीर पाँच तत्वों से बना हुआ है। अग्नि, वायु, जल, आकाश, पृथ्वी। इन पाँच तत्वों के सम्मिश्रण से शरीर बना हुआ है।

इस शरीर में लगभग 70ध पानी की मात्रा है, और लगभग 30ध मात्रा अग्नि, वायु, आकाश और पृथ्वी की है। मानव शरीर का प्रकृति से सीधा सम्बन्ध है। अगर प्रकृति में सन्तुलन खराब होता हैं तो हमारे शरीर में सन्तुलन बिगड़ता हैं तो हमारी आयु कम हो जाती है।

अगर हमारे शरीर में वात, पित्त और कफ तीनों में समान रुप से सन्तुलन बना रहता है तो हमारी आयु लम्बी होती है। अगर इन तीनों (वात, पित्त और कफ) मेउ सन्तुलन नहीं रहता तो हम समय से पहले मर जाते हैं। इस सम्बन्ध में ही आयुर्वेद ज्ञान देता हैं कि हमें क्या खाना चाहिए? और हमें क्या नहीं खाना चाहिए? आयुर्वेद कहता हैं कि अपने शरीर के तासीर के मुताबिक भोजन करें या खान पान करें। इससे हमारे शरीर में तीनों दोषों में सन्तुलन बना रहता हैअ जब शरीर में संतुलन बना रहेगा तो स्वभाविक रुप से मनुष्य की आयु लम्बी होगी।

आयुर्वेद में बताया गया है कि किन-किन चीज़ों के सेवन करने से हम स्वस्थ रह सकते हैं और किन-किन चीज़ों के सेवन से हम अस्वस्थ। पुराने समय के लोग इतना बीमार नहीं पड़ते थे। इसका कारण यह था कि उस समय का वातावरण व पर्यावरण में सन्तुलन बना हुआ था और शुद्ध था। अब पर्यावरण व प्रकृति प्रदूषित हैं। जिसके कारण हम ज्यादा बीमार पड़ते हैं और समय से पहले मर जाते हैं।

आयुर्वेद इस सम्बन्ध में जीव के जीने की कला सिखाता हैं। दुनिया का प्राचीनतम ग्रन्थ है, वह है आयुर्वेद। जो दुनिया को आपरेशन करने की कला सिखाई। दुनिया के किसी भी ग्रन्थ में चीर फाड़ या आपरेशन करने की कला नहीं हैं। संस्कृत के इन ग्रन्थों का नाम है "चरक संहिता" और "सुश्रत संहिता"। यही दो ग्रन्थ हैं जिससे एलोपैथी वालों ने आपरेशन करने की या चीर फाड़ करने की कला सीखी।

इसलिए हम कह सकते हैं कि आयुर्वेद एक शरीर विज्ञान का ग्रन्थ हैं जो शरीर के भिन्न-भिन्न अंगों की जानकारी, बिमारियों के इलाज के सम्बन्ध में बतलाता हैं। असाध्य रोगों का इलाज करता हैं। इसलिए हम कह सकते हैं कि आयुर्वेद मानव मात्र के लिए वरदान हैं।

खुशप्रीत कौर
रोल न: 17

# English Section

**Editor**
**Iqbal Singh Ranu**
**English Master**

**Student Editor**
**Avneet Kaur**
**+2 A (Medical)**

**"Your mind is your garden. Thoughts are seeds. You can grow flowers or you can grow seeds"**

It is my proud privilege to pen down the message for "Soch Udari".It is a platform to express one's creative pursuits.I find writing as the most valuable literary expression. It is a lovely experience to see the enthusiastic writers voicing their feelings through creative writings The publication of school magazine included, a lot of planning, compounded with team work.I am thankful to all the blooming writers, who have penned their ideas for the magazine. I would also like to extend my sincere thanks to our institution head, 'Mrs. Romil Mehta Ji', for their constant support and guidance, through the entire process of planning and publication of " Soch Udari".Finally, I wish all the readers a happy reading.

**Iqbal Singh Ranu**
English Master

# Personal Greatness

✶ People who feel superb about themselves generate superb results. Self respect is a beautiful thing.
✶ Thomas Edison is well known for his statement "Genius is 1 percent inspiration and 99 percent perspiration". This statement is a strong indicator that hard work life very important for successful life.
✶ Purpose is the most important motivator in life. So each student must have goal, aim or target to achieve. It is required for continuous efforts, in a particular direction.

**Perfect actions:-**

Delete → Sorrow
Save → Joy
Switchoff → Lies
Download → Friendship
Erase → Enemosity

**·If you want Happiness**

For an hour → Eat good food
For a day → Go for a picnic
For a month → Go for a long vacation
For a year → Inherit a fortune
For many years → Love someone
For a lifetime → Help someone

**Romil Mehta**
Principal

## Eyes

**"The eyes shout what the lips fear to say."**

This is for the eye potray innermost emotions like fear, joy or sorrow, without, having to express it in words. Moreover being the language of the heart, they do not lie and hence play an important role during personal interviews and interpersonal relationships.

The eye works like a camera, each part playing an important role in providing clear vision. Besides this eyes are the window through which we view the world around us. Indeed eyes are the best gift of God. We are not aware of its importance, as long as our vision is perfect. Out of the five senses like sight, hearing, touch, taste and smell, the loss of sight is the worst, one can ever suffer.

A Philosopher once said that eyes are the most sophisticated camera in the world. I believe that sight is one of the greatest gifts given to mankind. It is because of this Helen Keller said, 'Of all the senses sight must be the most delightful.'

**Iqbal Singh Ranu**
English Master

## Blessed 'Me'

I am jovial and jubilant Jasreen
I am always very thoughtful and keen
To learn new things and be serene
I keep myself on a glass screen
I am clear and can never be mean
I never change my course seeing other side Green
I feel myself a precious Gem and a Queen
I am wearing a Tiara of being a 'Kaur'
That makes me purest to the inner core.
Pouring love and affection more and more.
I, Jasreen, symbolises Girl power on the Earth
A daughter, a wife, a daughter-in-law,
a mother, a mother-in-law, a grand mother
and many more .....................
That are valuable and have intrinsic worth
That's why, I am grateful to God and feel blessed
To be born as a Girl full of happiness and mirth.

**Jasreen Kaur**
S. S. Mistress

## Education

"Education makes the people easy to lead but difficult to drive, easy to govern, but impossible to enslave."

This is true, for without education man is a shade better than an animal. The word 'education' is derived from a Latin word meaning 'to draw out'. Thus it is the drawing out of the mental faculties of a person which is essential for leading a happy life. Education begins at home and continues till the death a person. Without education, there would be no innovations or developments in the country. This shows how important education is to everyone on the earth. Education is the only thing that cannot be stolen by others. No one can steal your knowledge unless you wish to share it with others.

There are several goverment schools in and every state which offer free education to the students. The main problem is, people of rural areas are fighting poverty because of which they are forcing their children to work as child labour. Those children should enroll in the govt. schools. State Governments are also offering education scholarships to the students.

Most people consider education as bookish knowledge and the ability to read and write. But that is not true. Your qualification should be visible in your personality that is what education is. Educated people are calm and composed. Education also makes you a more confident person. It is a valuable tool to spread knowledge and create social change.

In short, we can say that education is necessary to safeguard our independence, nourishes our character and broadens our perspective towards life.

Student Editor in English:-
**Avneet Kaur**
Class - +2 A (Medical)

## What happens in Exam??

Tick –Tock
Mind–Blank
Pen–Stops
Eyes–Pop
Full–Shock
Jaws–Drop
Time–Up
No–Luck

**Jashan preet Kaur**
+1 'C' Vocational

## Thoughts

1) You must laugh, smile and cry less. You are alive, breathe in through the nose of life.
2) Life is a Journey with problems to solve and lessons to learn but most of all, Experience to enjoy.
3) Home is dark without mom, life is dark without dad.
4) Keep your face to the sunshine and you cannot see a shadow.
5) Teaching is not a job. It's a lifestyle. It permeates your whole life.
6) Happiness is a mood. Postivity is a mindest.
7) The Best fighter is never angry.
8) If you want to attract happy. Positive things, Become a happy. Positive person, work from the inside out.
9) Direction is more important than speed.
10) A good teacher is like a candle. It consumes itself, to light the way for others.

**Lashami Devi**
11th (C) Vocational

## Friendship

Friendship is a beautiful relationship in the world which is bonded by love and trust. It is a very beautiful relation. A friend is a God's gift to us. Friendship teaches the values and importance of loyalty in our life. Friend forms the most important part of our life. Faithful friendship has become very rare in this world. True friendship is God's best gift. Best memories that we have in our life are all from our schools days when we share our thoughts and feelings with friends. Friends make the good times better and the hard times easier. Friendship is the most valuable and precious bond in our lives. It forms important part of everyone's life, friendship fulfills us with sweet memories. that we cherish for rest of your life. The unbonded love, as well as care, is what makes the relationship between two friends strong.

**Kamalpreet Kaur**
**+2 E**

# Self – Education and Trust

“Education is the most powerful weapon which you can use to change the world.”

Education is very important but self-education means a lot. Self-education builds confidence. Education gives a potential to trust on ourselves. Self-education is not helpful to one person but to the whole economy. Self-education builds the habit of hardwork. Self-Education enhances knowledge. Self-education is also referred as self-study. Self-study is a very good way of learning. Now a days self-studying is easy, due to technology.

Choice is yours :-

"Let time controls you" or "you control the time"

Education helps in decision making. It is said that “Respect time otherwise time will destroy you”. So, self-education helps in making a right decision at right time. It is very important to learn value of time. Trust in oneself will increase your learning potential with time.

"Everybody will find faults in you,
Its you who has to find the best in you."

Thomas Edison was suspended from school because he was not eligible to study further. But now, we know him as a great scientist. Albert Eienstein who was considered as a stupid person has given many theories of quantum physics etc. He is known as a legend of science. It was all due to his trust in him self and self education.

Never let yourself down. Always trust in yourself. And whenever you feel depressed, remember the following four lines:-

I trust myself.
I can do this.
I am enough.
Success takes time but I will get there.

**Palakjot Kaur**
Class:- +1(Medical)

## Why Not a Girl ....?

People pray for a boy
Not for a girl
They want a man
Not a woman
but .................
In need of Education
They go to Goddess Sarawati
In need of Money
They go to Goddess Laxmi
In need of courage
They go to Goddess Durga
Then .................
Why do they hesitate
to have a Devi in the family?

**Jashan preet Kaur**
+1 'C' Vocational

## A Salute to the Motherland

I bow my head to the Motherland
Who gave to me a wonderful land,
I salute the great Martyrs of it
Who sacrificed life without thinking a bit,
I respect the soldiers deep from my heart
I always want be their part,
I respect the peasants who work in fields
They work for us and need respect indeed,
I always admire the great women
who fought for it, more than men,
I always get encouraged from their path,
salute their determination that shines like a star,
I bow my head before policemen,
doctors and nurses
They have saved us from Covid-19 curses,
I bow my head before lord or God,
All I can do just is pray a lot and lot.

**Divjot Kaur**
+ 1 'A' Medical

## Laws of Motion

Sir Isac Newton was his name.
observing object was his game
He made three rules about what he saw,
When we see motion, it's described by a law
The first law of motion is just a piece of cake
To make can object move, all it needs is a shake.
The second law of motion is about a force
Give it a shove and the object takes that course.
The third law of motion is pure satisfication
for each force made there's an equal and oppsite reaction,
Pushing or pulling, exerting a force
Moving and shaking, it's physics of course

**Jasmandeep Kaur**
Class - +1 Medical
Roll no – 13

## The Wonder of Nature

Nature! Nature! so lush and green,
The wonder of wonder anyone has seen
So Cool, calm and full of life
Make us forget all over strife
Think of a forest full of trees,
Fluttering and dancing in the breeze
Cut them down and construct towers,
wait for ages to get a Shower
The birds that soar high in the sky
Can we imitate them however hard we try
so, dear family in future,
can see the things we have nurtured.

**Jashan preet Kaur**
+1 'C' Vocational

## Beauty of Dreams

If you want to stay alive
Never let your dream die!
Shadows sorrows will disappear
If your dreams are high!
Always think big, don't shy,
But dedication, determination
you should apply!
With only wings we can't fly,
Courage is the way to Sky,
Believe in the beauty of dreams,
Explore them in your mind's eyes!

**Nirbhai Singh**
S. S. Master

Jaspal Goyal
JMD
JBD Jaspal

BOOK DEPOT
Spl. in : College & School, NCERT, CBSE, ICSE, PSEB, Engg. & Computer's Books
All Types of Competition Books, Forms & Computer Stationary Items
IELTS BOOKS ALSO AVAILABLE
Old High Court Road, Near Govt. Girls School, NABHA - 147 201
M. 98888 67480, 96461 90005, 62800 07566
email : jaspalbookdepot@gmail.com

# ਕਲਾ ਵਿਭਾਗ

**ਸੰਪਾਦਕ**
**ਸੁਖਵਿੰਦਰ ਸਿੰਘ**
**ਆਰਟ ਐਂਡ ਕਰਾਫ਼ਟ**
**ਅਧਿਆਪਕ**

**ਵਿਦਿਆਰਥੀ ਸੰਪਾਦਕ**
**ਅਰਸ਼ਦੀਪ ਕੌਰ**
**10ਵੀਂ ਏ**

## ਸੁਚੱਜੀ ਜ਼ਿੰਦਗੀ ਦਾ ਅਧਾਰ ਕਲਾ

ਪਿਆਰੇ ਵਿਦਿਆਰਥੀਓ, ਕਲਾ ਸਾਡੀ ਜ਼ਿੰਦਗੀ ਦਾ ਮਹੱਤਵਪੂਰਨ ਪਹਿਲੂ ਹੈ ਜੋ ਅਸੀਂ ਜਨਮ ਉਪਰੰਤ ਹੀ ਗ੍ਰਹਿਣ ਕਰਨਾ ਸ਼ੁਰੂ ਕਰ ਦਿੰਦੇ ਹਾਂ। ਇੱਕ ਨਵਜੰਮਿਆ ਬੱਚਾ ਰੋਣਾ, ਹੱਸਣਾ, ਦੁੱਧ ਚੁੰਘਣਾ, ਬੈਠਣਾ-ਉੱਠਣਾ, ਬੋਲਣਾ ਆਦਿ ਹਰ ਤਰ੍ਹਾਂ ਦੀਆਂ ਗਤੀਵਿਧੀਆਂ ਦੂਜਿਆਂ ਨੂੰ ਦੇਖ ਕੇ ਸਿੱਖਣ ਦੀ ਕੋਸ਼ਿਸ਼ ਕਰਦਾ ਹੈ। ਇਹ ਸਿੱਖਣ ਦੀ ਪ੍ਰਵਿਰਤੀ ਬਚਪਨ ਤੋਂ ਲੈ ਕੇ ਅੰਤ ਤੱਕ ਲਗਾਤਾਰ ਚੱਲਦੀ ਰਹਿੰਦੀ ਹੈ। ਇੱਕ ਛੋਟਾ ਬੱਚਾ ਆਪਣੀ ਮਾਂ ਤੋਂ ਮਾਤ ਭਾਸ਼ਾ ਬੋਲਣ ਦਾ ਗੁਣ ਗ੍ਰਹਿਣ ਕਰਦਾ ਹੈ। ਜਿਸ ਦੀ ਮਦਦ ਨਾਲ ਉਹ ਆਪਣੇ ਹਾਵ-ਭਾਵ ਪ੍ਰਗਟ ਕਰਦਾ ਹੈ। ਜਿਉਂ ਜਿਉਂ ਵੱਡਾ ਹੁੰਦਾ ਹੈ ਤਾਂ ਆਪਣੇ ਅਧਿਆਪਕਾਂ ਤੋਂ ਪੰਜਾਬੀ, ਅੰਗਰੇਜ਼ੀ, ਹਿੰਦੀ ਆਦਿ ਭਾਸ਼ਾ ਦਾ ਗਿਆਨ ਹਾਸਲ ਕਰਦਾ ਹੈ। ਇਸ ਉਪਰੰਤ ਮੁਢਲੀ ਸਿੱਖਿਆ ਤੋਂ ਸ਼ੁਰੂਆਤ ਕਰਕੇ ਉਚੇਰੀ ਸਿੱਖਿਆ ਤੇ ਤਕਨੀਕੀ ਸਿੱਖਿਆ ਗ੍ਰਹਿਣ ਕਰਕੇ ਆਪਣੀ ਮੰਜ਼ਲ ਨੂੰ ਪਾਉਂਦਾ ਹੈ। ਅਗਾਂਹਵਧੂ ਵਿਚਾਰਾਂ ਦੇ ਵਿਅਕਤੀ ਵੱਲੋਂ ਆਪਣੀ ਜ਼ਿੰਦਗੀ ਨੂੰ ਸੁਖਾਲ਼ਾ ਕਰਨ ਲਈ ਕੀਤੇ ਉਪਰਾਲੇ, ਆਪਣੀ ਕਲਪਨਾ ਨੂੰ ਕਾਗਜ਼ ਉੱਤੇ ਪ੍ਰਗਟ ਕਰਨ ਅਤੇ ਕੁਦਰਤੀ ਰੰਗ ਯੋਜਨਾਂ ਨੂੰ ਸਿੱਖ ਕੇ ਹੂ-ਬ-ਹੂ ਨਕਲ ਕਰਨ ਦੀ ਸੋਝੀ ਨੂੰ ਵੀ ਕਲਾ ਕਿਹਾ ਜਾਂਦਾ ਹੈ। ਭਾਵ ਜ਼ਿੰਦਗੀ ਵਿੱਚ ਕੀਤਾ ਜਾਣ ਵਾਲਾ ਹਰ ਕਾਰਜ ਇੱਕ ਕਲਾ ਹੈ। ਉਹ ਵਿਦਿਆਰਥੀ ਜੋ ਸਿੱਖਣ ਦੀ ਕੋਸ਼ਿਸ਼ ਲਗਾਤਾਰ ਕਰਦੇ ਰਹਿੰਦੇ ਹਨ, ਉਹ ਹੀ ਚੰਗੀ ਤੇ ਸਫ਼ਲ ਜ਼ਿੰਦਗੀ ਜਿਉਣ ਦੀ ਕਲਾ ਦੀ ਮੁਹਾਰਤ ਹਾਸਲ ਕਰਦੇ ਹਨ। ਮੈਗਜ਼ੀਨ **'ਸੋਚ ਉਡਾਰੀ'** ਦੇ ਇਸ ਭਾਗ ਵਿੱਚ ਵਿਦਿਆਰਥਣਾਂ ਨੇ ਆਪਣੀ ਕਲਪਨਾ ਨੂੰ ਚਿਤਰਿਆ ਹੈ। ਇਸੇ ਤਰਾਂ ਬਾਕੀ ਵੱਖ ਵੱਖ ਭਾਗਾਂ ਵਿੱਚ ਆਪਣੀਆਂ ਰਚਨਾਵਾਂ ਰਾਹੀਂ ਆਪਣੇ ਮਨੋਭਾਵਾਂ ਨੂੰ ਪ੍ਰਗਟ ਕੀਤਾ ਹੈ, ਜੋ ਸ਼ਲਾਘਾਯੋਗ ਕਦਮ ਹੈ। ਤੁਹਾਡੀ ਜ਼ਿੰਦਗੀ ਦੀ ਇਹ ਸ਼ੁਰੂਆਤੀ ਕਲਾ ਪ੍ਰਦਰਸ਼ਨੀ ਆਉਣ ਵਾਲੇ ਸਮੇਂ ਵਿੱਚ ਤੁਹਾਨੂੰ ਹੋਰ ਉਤਸ਼ਾਹਿਤ ਕਰੇਗੀ, ਜੇਕਰ ਆਪਣੀ ਅੰਦਰਲੀ ਕਲਾ ਨੂੰ ਇਸੇ ਤਰ੍ਹਾ ਕੋਰੇ ਕਾਗਜ਼ ਤੇ ਉਲੀਕਣ ਦਾ ਉਪਰਾਲਾ ਜਾਰੀ ਰੱਖੋਗੇ।


**ਸੁਖਵਿੰਦਰ ਸਿੰਘ**
ਆਰਟ ਐਂਡ ਕਰਾਫ਼ਟ




ਸਮਾਜ ਸੇਵੀ ਸਖਸ਼ੀਅਤਾਂ ਬੱਚਿਆਂ ਨੂੰ ਵਜ਼ੀਫੇ ਨਾਲ ਸਨਮਾਨਿਤ ਕਰਦੇ ਹੋਏ



ਸਲਾਨਾ ਸਮਾਗਮ ਸਮੇਂ MLA ਸ੍ਰੀ ਗੁਰਦੇਵ ਸਿੰਘ ਦੇਵ ਮਾਨ, ਪ੍ਰਿੰਸੀਪਲ ਸਾਹਿਬ ਤੇ ਸਟਾਫ ਬੱਚਿਆਂ ਨੂੰ ਸਨਮਾਨਤ ਕਰਦੇ ਹੋਏ




ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਰਵਿੰਦਰ ਪਾਲ ਦਾ ਸਲਾਨਾ ਸਮਾਗਮ ਸਮੇਂ ਸਵਾਗਤ




ਇਸੇ ਸਕੂਲ ਦੀ ਸਾ. ਵਿਦਿਆਰਥਣ ਹਰਜਿੰਦਰ ਕੌਰ ਦਾ, ਅੰਤਰ ਰਾਸ਼ਟਰ ਪੱਧਰੀ ਮੈਡਲ ਜਿੱਤਣ 'ਤੇ ਵਿਸ਼ੇਸ ਸਨਮਾਨ



ਹਰਸ਼ਪ੍ਰੀਤ ਕੌਰ, ਦਸਵੀਂ-ਏ




ਹਰਸ਼ਦੀਪ ਕੌਰ, ਦਸਵੀਂ-ਏ



ਅਰਸ਼ਦੀਪ ਕੌਰ, ਦਸਵੀਂ-ਏ



ਅਰਸ਼ਦੀਪ ਕੌਰ, ਦਸਵੀਂ-ਏ




ਦੀਆ, ਦਸਵੀਂ-ਏ




ਸੋਨੀਆ ਕੌਰ, ਦਸਵੀਂ-ਏ





ਮਹਿਕਪ੍ਰੀਤ ਕੌਰ, ਦਸਵੀਂ-ਏ




ਅਰਸ਼ਦੀਪ ਕੌਰ, ਦਸਵੀਂ-ਏ





ਜਸ਼ਨਪ੍ਰੀਤ ਕੌਰ, ਦਸਵੀਂ-ਏ




ਹਰਮਨਪ੍ਰੀਤ ਕੌਰ, ਦਸਵੀਂ-ਏ





ਭਾਵਨਾ, ਦਸਵੀਂ-ਏ




ਬਲਜਿੰਦਰ ਕੌਰ, ਦਸਵੀਂ-ਸੀ




ਬਲਜਿੰਦਰ ਕੌਰ, ਦਸਵੀਂ-ਸੀ




ਬਲਜਿੰਦਰ ਕੌਰ, ਦਸਵੀਂ-ਸੀ




ਅਵਨੀਤ ਕੌਰ, ਛੇਵੀਂ-ਏ



ਹਰਸ਼ਦੀਪ ਕੌਰ, ਦਸਵੀਂ-ਏ




ਬਲਜਿੰਦਰ ਕੌਰ, ਦਸਵੀਂ-ਸੀ




ਸੁਖਮਨਦੀਪ ਕੌਰ, ਸੱਤਵੀਂ-ਏ

# ਸਲਾਨਾ ਸਮਾਗਮ ਦੀਆਂ ਕੁੱਝ ਝਲਕੀਆਂ




ਸਕੂਲ ਦੇ ਦ੍ਰਿਸ਼
ਆਰਟਸ ਬਲਾਕ
ਸ਼੍ਰੀਮਤੀ ਸੰਤੋਸ਼ ਦੇਵੀ ਬਲਾਕ
ਲਾਇਬ੍ਰੇਰੀ

Pahul ®

No.1 IELTS INSTITUTE IN NABHA

Licence No. 300-301/DC/PTA/MA/M-3

APPROVED BY GOVT. OF PUNJAB

# PAHUL™

PAHUL PERSONALITY DEVELOPMENT CENTRE

## PTE/IELTS

## STUDY VISA



Charandeep Singh

Pearson idp

Contact us: 98-538-13-000

Address: Opp. Chajju Ram Dharamshala
Mehs Gate, Nabha

sehgal nx FASHION wise

Since -1988

Great fashion for great people

sehgal garments
BRANDED KIDS WEAR
a kids store...



| | | | | | | | | | |
|---|---|---|---|---|---|---|---|---|---|
| US POLO since 1890 | Pepe Jeans London | OCTAVE estd. 1991 | FAHREN HEIT | J. Hampstead shirts | YANKEE shirts | VIEW blazers | AZZARO shirts | Estd 2006 Vintage jeans | beevee CARGO |
| Adam Kurta Pajama | VIRAAJ blazers | WATERSTONE TIES | JOCKEY under garments | SHECZZAR NEW FASHION STYLE | W kurties | W aurelia | RAGE women collection | Vibe girls wear | boom premium denim |
| 18 Fire kurties | idhu kurtis brand | METTLE girls wear | OCTAVE girls wear | PURE MIST cod set | lemoncurve girls wear | My Love girls wear | JULIET night wear OUR STORY SINCE 1976 | AUGURI girl wear | & Many More.... |

Near Devi Chowk, Nabha, Ph : 01765-504021, Mobile : 7888 849711

ਲਾਇਸੈਂਸ ਨੰ. 72/DC PTA/MAM3

No.1 Institute in Nabha

# SEHGAL 9 INSTITUTE

## KING OF IELTS

IELTS ਮਤਲਬ SEHGAL

SEHGAL ਮਤਲਬ IELTS

ਪਿਛਲੇ 14 ਸਾਲਾਂ ਤੋਂ ਵਿਦਿਆਰਥੀਆਂ ਦਾ ਭਰੋਸਾ

ਨਾਭੇ ਵਿੱਚ ਸਭ ਤੋਂ ਵੱਧ IELTS

ਪੜ੍ਹਾਉਣ ਦਾ ਤਜ਼ਰਬਾ

26 ਦਿਨਾਂ ਵਿੱਚ English ਬੋਲਣਾ ਸਿੱਖੋ

Challenge ਦੇ ਨਾਲ

Speak English in 26 days

Guaranteed with Challenge

College Ground Road, Nabha

M. 98554-83978, 99143-73978, 76968-00786

# FLY FROM HOME IMMIGRATION



Mr.Rajan Bham
Managing Director
9914124027

## Best Immigration Consultants in NABHA

**99% VISA Success Rate**

OUR SERVICES

STUDY VISA

TOURIST VISA


SPOUSE VISA

PR

CANADA

AUSTRALIA

UK



Near Grid Chownk Cantt Road Nabha ,Patiala, Punjab-147201.

flyfromhome.immi@gmail.com

www.flyfromhome.co.in

# ਸਕੂਲ ਦੀ ਸ਼ਾਨ, ਸਾਡਾ ਮਾਣ ਧੀਆਂ


ਸੁਖਮਨਦੀਪ ਕੌਰ
ਸੱਤਵੀਂ ਏ


ਪਾਲਕੀ ਸ਼ਰਮਾ
ਦਸਵੀਂ ਏ


ਦੀਕਸ਼ਾ ਸ਼ਰਮਾ
ਨੌਵੀਂ ਏ

ਵੱਖ ਵੱਖ ਗਤੀਵਿਧੀਆਂ ਵਿੱਚ ਮੋਹਰੀ ਭੂਮਿਕਾ


ਸਿਮਰਨ ਕੌਰ
ਬਾਰ੍ਹਵੀਂ ਐਫ
ਸ਼ਤਰੰਜ ਚੈਂਪੀਅਨ ਪੰਜਾਬ


ਹਰਮਨਪ੍ਰੀਤ ਕੌਰ
ਗਿਆਰ੍ਹਵੀਂ ਐਚ
ਦੂਸਰਾ ਸਥਾਨ ਕਬੱਡੀ ਪੰਜਾਬ


ਡਿੰਪੀ ਰਾਣੀ
ਪਹਿਲਾ ਸਥਾਨ
ਬਾਰ੍ਹਵੀਂ (21-22)


ਗਗਨਪ੍ਰੀਤ ਕੌਰ
ਦੂਸਰਾ ਸਥਾਨ
ਬਾਰ੍ਹਵੀਂ (21-22)


ਗਗਨਦੀਪ ਕੌਰ
ਤੀਸਰਾ ਸਥਾਨ
ਬਾਰ੍ਹਵੀਂ (21-22)


ਅੰਬਿਕਾ
ਤੀਸਰਾ ਸਥਾਨ
ਬਾਰ੍ਹਵੀਂ (21-22)



ਨਵਨੀਤ ਕੌਰ
ਪਹਿਲਾ ਸਥਾਨ
ਦਸਵੀਂ (21-22)


ਹਰਕਮਲ ਕੌਰ
ਦੂਸਰਾ ਸਥਾਨ
ਦਸਵੀਂ (21-22)


ਵੀਰਪਾਲ ਕੌਰ
ਪਹਿਲਾ ਸਥਾਨ
ਅੱਠਵੀਂ (21-22)


ਸ਼ਹਿਨਾਜ਼
ਦੂਸਰਾ ਸਥਾਨ
ਅੱਠਵੀਂ (21-22)


ਸਮੀਪਤਾ
ਤੀਸਰਾ ਸਥਾਨ
ਅੱਠਵੀਂ (21-22)


ਪਰਨੀਤ ਕੌਰ
ਰਾਜ ਪੱਧਰ 'ਤੇ ਸਾਇੰਸ
ਪ੍ਰਦਰਸ਼ਨੀ ਵਿੱਚ ਭਾਗ ਲਿਆ


ਗੁਰਸਿਮਰਨਪ੍ਰੀਤ ਕੌਰ
ਨੌਵੀਂ ਡੀ
(ਸੁੰਦਰ ਲਿਖਾਈ)


ਰਾਧਿਕਾ ਗੁਪਤਾ
ਗਿਆਰ੍ਹਵੀਂ ਈ
(ਕਲੇਅ ਮਾਡਲਿੰਗ)


ਹਰਜੀਤ ਕੌਰ
ਬਾਰ੍ਹਵੀਂ ਜੇ
(ਸਿਤਾਰ ਵਾਦਨ)


ਦੀਆ
ਪਹਿਲਾ ਸਥਾਨ
ਨੌਂਵੀਂ (21-22)


ਸੁਨਾਲੀ ਕੁਮਾਰੀ
ਪਹਿਲਾ ਸਥਾਨ
ਨੌਂਵੀਂ (21-22)


ਭਵਨਦੀਪ ਕੌਰ
ਪਹਿਲਾ ਸਥਾਨ
ਸੱਤਵੀਂ (21-22)

**ਦਾਖ਼ਲੇ ਲਈ ਸੰਪਰਕ ਕਰੋ: 6ਵੀਂ ਤੋਂ 10ਵੀਂ 99885-99350, 11ਵੀਂ ਤੇ 12ਵੀਂ 98777-74260**